ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਪੰਜਾ ਸਾਹਿਬ (ਪਾਕਿਸਤਾਨ)

MAY 1989



ਮਈ ੧੯੮੯

www.AKJ.Org

# ਤਤਕਰਾ


| | | |
|---|---|---|
| ਸੱਚਾ ਸ਼ਹੀਦ | ੩ | ਪ੍ਰਿੰਸੀਪਲ ਸਜਣ ਸਿੰਘ ਜੀ |
| ਨਿਸ਼ਕਾਮ ਭਗਤੀ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਪ੍ਰਥਮੈ ਸਰਬੱਤ ਖ਼ਾਲਸਾ ਜੀ ਕੀ ਅਰਦਾਸ | ੭ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰ-ਗੱਦੀ | ੯ | ਸ: ਸੰਗਤ ਸਿੰਘ ਜੀ ਹੀਰਾ |
| ਹਿੰਸਾ ਤਉ ਮ੍ਨ ਤੇ ਨਹੀ ਛੂਟੀ | ੧੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਾਹੇ ਜਗਿ ਆਏ ਰਾਮ ਰਾਜੇ (੪) | ੧੩ | ਸੂਬੇਦਾਰ ਧਰਮ ਸਿੰਘ ਜੀ |
| ਗੁਰਦੁਆਰਾ ਪੰਜਾ ਸਾਹਿਬ ਤੇ ਕਬਜ਼ਾ (੨) | ੧੭ | ਭਾਈ ਨਰੈਣ ਸਿੰਘ ਜੀ ਐਮ. ਏ. |
| ਸਿੱਖੀ ਰਹਿਤ ਬਹਿਤ ਬਾਰੇ ਸੁਝਾਅ | ੨੧ | ਜਥੇਦਾਰ ਅਖੰਡ ਕੀਰਤਨੀ ਜਥਾ |
| ਮੀਟ ਸ਼ਰਾਬ ਦਾ ਸੇਵਨ ਨਹੀਂ | ੨੨ | ਅਜੀਤ, ਜਲੰਧਰ |
| ਚਰਨ ਕਮਲ ਕੀ ਮਉਜ (੧) | ੨੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖੰਡੇ ਦਾ ਅੰਮ੍ਰਿਤ (ਕਵਿਤਾ) | ੩੧ | ਭਾਈ ਸੁਖਦੇਵ ਸਿੰਘ ਜੀ |
| ਭਾਈ ਡੱਲੇ ਦੀ ਪਰਖ ,, | ੩੨ | ਭਾਈ ਰਾਜਿੰਦਰ ਸਿੰਘ ਜੀ |
| ਕਲਗੀਧਰ ਮਾਲਵੇ ਵਿਚ ,, | ੩੩ | ਗਿ: ਗੋਪਾਲ ਸਿੰਘ ਜੀ ਮਿੱਤਰ |
| ਛੱਕ ਲੈ ਅੰਮ੍ਰਿਤ ,, | ੩੩ | ਸ: ਅਤਰ ਸਿੰਘ ਜੀ ਨੀਰ |
| ਆ ਜ਼ਰਾ ਤੂੰ ਝਾਤੀ ਮਾਰ ,, | ੩੪ | ਸ: ਤੇਗ ਬਹਾਦਰ ਸਿੰਘ ਤੇਗ |
| ਵਾਹਿਗੁਰੂ ਨਾਮ ਚਿੱਤ ਆਵੈ | ੩੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ | ੩੭ | ਸ: ਕੁਲਦੀਪ ਸਿੰਘ ਜੀ ਹਉਰਾ |
| ਟੈਲੀਵਿਯਨ ਸਿੱਖ ਪਨੀਰੀ ਲਈ | ੩੮ | ——— |


ਸ੍ਰੀ ਗੁਰੂ ਅੰਗਦ ਸਾਹਿਬ ਅਵਤਾਰ ਧਾਰਿਆ ੬ ਮਈ    ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਆ ੧੯ ਮਈ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ੨੮ ਮਈ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਅਮਰ ਸਿੰਘ, ਮਲੇਸ਼ੀਆ | ੭੭-੦੦ | ਭਾਈ ਸੁਰਿੰਦਰ ਸਿੰਘ ਪਟਿਆਲਾ | ੧੦੧-੦੦ |
| ਕੈਪਟਨ ਪ੍ਰੀਤਮ ਸਿੰਘ (ਰੀ:), ਪੂਨਾ | ੧੫੧-੦੦ | ਭਾਈ ਬਲਵਿੰਦਰ ਸਿੰਘ | ੧੦-੭੦ |
| ਸ: ਗੁਰਮੀਤ ਸਿੰਘ, ਬਰਮਿੰਘਮ ਯੂ.ਕੇ. | ੧੩੪-੦੦ | ਕੋ-ਆਰਡੀਨੇਟ ਐਜੂਕੇਸ਼ਨ ਸੁਸਾਇਟੀ ਲੰਡਨ ਕੈਨੇਡਾ | ੧੫ ‐ ੦ |
| ਬੀਬੀ ਰਾਜਿੰਦਰ ਕੌਰ ਮੋਹਾਲੀ | ੧੦੦੧-੦੦ | ਸ: ਬਲਦੇਵ ਸਿੰਘ, ਵੈਸਟਮਿਡਲੈਂਡ (ਕੀਰਤਨ ਭੇਟ) | ੧੬੮੮-੪੦ |
| ਸ: ਜੋਗਾ ਸਿੰਘ ਦਿਉਸੀ, ਐਡਮਿੰਟਨ ਐਲਬਰਟਾ | ੨੦੨-੫੧ | ਗੁਪਤ (ਹਾਲੈਂਡ) ...... | ੨੬੩੦-੦੦ |
| ਮਾਸਟਰ ਅਮਰ ਸਿੰਘ, ਜੰਮੂ | ੫-੦੦ | ਸ: ਚੈਨ ਸਿੰਘ, ਫ਼ਰਾਂਸ | ੨੮੧-੦੦ |
| ਗੁਪਤ ...... ...... | ੨੮-੦੦ | ਭਾਈ ਸੇਵਕ ਸਿੰਘ ਗੁੰਬੀ, ਨਾਰਨੌਲ | ੫੦-੦੦ |
| ਖਾਲਸਾ ਪੁਸਤ ਭੰਡਾਰ, ਪਟਿਆਲਾ | | ਬੀਬੀ ਤੇਜਿੰਦਰ ਕੌਰ ਦੀ ਯਾਦ ਵਿਚ | ੨੦-੦੦ |
| ਬੀਬੀ ਕੁਲਵੰਤ ਕੌਰ | | ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫੦-੦੦ |
| ਸ: ਹਿੰਮਤ ਸਿੰਘ ਵਾਸੂ, ਅਹਿਮਦਾਬਾਦ | | ਸ: ਦੇਸਾ ਸਿੰਘ ਦੇ ਭੋਗ ਸਮੇਂ | ੩੫-੦੦ |
| ਭਾਈ ਕੰਵਰ ਸਿੰਘ, ਅੰਮ੍ਰਿਤਸਰ | | ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੧੦੧-੦੦ |

## ਹੜ੍ਹ ਪੀੜਤਾਂ ਨੂੰ ਭੇਜੀ ਸਹਾਇਤਾ ਆਉਂਦੇ 'ਸੂਰਾ' ਵਿਚ


ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੫-੮੯ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ — ਮਾਸਕ ਪੱਤਰ


ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਮਈ ੧੯੯੯ ਅੰਕ ੫


## ਸੱਚਾ ਸ਼ਹੀਦ


[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿਲੀ]


ਹਰੇਕ ਮੌਤ ਸ਼ਹਾਦਤ ਨਹੀਂ ਹੁੰਦੀ । ਅਖੌਤੀ ਸਮਾਜਕ ਨੇਤਾ ਜਾਂ ਰਾਜਨੀਤਕ ਲੀਡਰ ਦੀ ਗੈਰ-ਕੁਦਰਤੀ ਮ੍ਰਿਤੂ ਨੂੰ ਸ਼ਹਾਦਤ ਦਾ ਦਰਜਾ ਦੇਣਾ, ਸੱਚੇ ਸ਼ਹੀਦਾਂ ਦੀ ਆਤਮਾ ਨੂੰ ਠੇਸ ਪਹੁੰਚਾਣਾ ਹੈ । ਭੈ-ਭੰਜਨ ਪਰ-ਪੀਰ-ਨਿਵਾਰਨ ਵਾਲਾ ਸੂਰਮਾ ਹੀ ਹਰਿ ਦਰਗਹ ਵਿਚ ਪਰਵਾਨ ਹੁੰਦਾ ਹੈ । ਉਹ ਧੀਰਜ, ਅਗੰਮੀ ਖੇੜੇ, ਸਹਿਨਸ਼ੀਲਤਾ, ਗੰਭੀਰਤਾ, ਸੱਤਵਾਦ ਆਦਿਕ ਦੈਵੀ ਗੁਣਾਂ ਦਾ ਮੁਜੱਸਮਾ ਹੁੰਦਾ ਹੈ । ਬਚਨ ਦੇ ਬਲੀ, ਕਰਨੀ ਦੇ ਪੂਰੇ ਤੇ ਪਰਉਪਕਾਰੀ ਭਾਵਨਾ ਵਾਲੇ ਹੀ ਸੱਚੇ ਸ਼ਹੀਦ ਹਨ ।

ਕੁਰਬਾਨੀ ਤੋਂ ਉਤਸ਼ਾਹ ਤੇ ਚਾਉ ਉਗਮਦਾ ਹੈ । ਪ੍ਰੇਰਨਾ-ਹੀਨ ਕੁਰਬਾਨੀ ਅਰਥ-ਹੀਨ ਹੋ ਕੇ ਰਹਿ ਜਾਂਦੀ ਹੈ । ਦੇਖਣ ਵਿਚ ਆਉਂਦਾ ਹੈ ਕਿ ਸਧਾਰਨ ਪੁਰਖ ਦੀ ਸ਼ਹਾਦਤ ਕੋਈ ਖ਼ਾਸ ਰੰਗ ਨਹੀਂ ਲਿਆਉਂਦੀ, ਸਮਾਂ ਪਾ ਕੇ ਯਾਦ ਵੀ ਬੁਝ ਜਾਂਦੀ ਹੈ । ਇਸ ਦੇ ਵਿਪਰੀਤ ਮਹਾਨ ਸੂਰਮੇ ਤਪੱਸਵੀ ਪੁਰਖ ਦੇ ਖ਼ੂਨ ਦਾ ਇਕ ਕਤਰਾ ਵੀ ਸ਼ਹੀਦਾਂ ਦੀ ਫ਼ੌਜ ਖੜੀ ਕਰ ਦਿੰਦਾ ਹੈ ।

["ਲਾਸਾਨੀ ਕੁਰਬਾਨੀ ਪੰਜਵੇਂ ਨਾਨਕ ਦੀ" ਲੇਖ ਵਿਚੋਂ




www.AKJ.Org

# ਨਿਸ਼ਕਾਮ ਭਗਤੀ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰਮਤਿ ਅਨੁਸਾਰ ਸੱਚਾ ਭਗਤ ਜਨ ਸੋ ਹੈ ਜੋ ਹਰ ਪ੍ਰਕਾਰ ਦੀ ਕਾਮਨਾ ਤੋਂ ਰਹਿਤ ਹੋ ਕੇ ਕੇਵਲ ਪਾਰਬ੍ਰਹਮ ਅਕਾਲ ਪੁਰਖ ਦੀ ਹੀ ਪ੍ਰਾਪਤੀ ਲਈ ਸੱਚੀ ਭਗਤੀ ਵਿਖੇ ਅਰੂੜ੍ਹ ਰਹੇ ਅਤੇ ਸਾਰੀ ਉਮਰ ਹੀ ਭਗਤੀ ਪ੍ਰਾਇਣ ਰਹੇ। ਕਈ ਅਮਰ-ਜੀਵਨੀ ਭਗਤ ਜਨ ਜੀਵਨ-ਪ੍ਰੀਖਿਆ ਦਾ ਧੁਰਵਾ ਬੰਨ੍ਹਦੇ ਹੋਏ ਨਿਖੜੰਮੀ ਅਤੇ ਲੋਕ-ਲਾਜ ਭਰੀ ਵਡਿਆਈ ਨੂੰ ਹੀ ਮੁਖ ਰੱਖਦੇ ਹਨ। ਉਨ੍ਹਾਂ ਦੇ ਨਿਕਟ ਹਰ-ਦਿਲ-ਅਜ਼ੀਜ਼ ਹੋਣਾ ਹੀ ਜੀਵਨ-ਪ੍ਰੀਖਿਆ ਹੈ। ਗੁਰਮਤਿ ਅਨੁਸਾਰ ਭਗਤ ਜਨ ਸੇਵਕ ਜਨ ਸੋਈ ਹੈ ਜੋ ਭਗਤੀ ਰੂਪੀ ਸੇਵਾ ਕਰਦਾ ਹੋਇਆ ਆਨ ਲੋਕ-ਲਾਜ-ਮਈ ਹਰ ਪ੍ਰਕਾਰ ਦੀ ਕਨੌੜ ਤੋਂ ਰਹਿਤ ਹੋ ਕੇ ਸੇਵਾ ਭਗਤੀ ਕਰੇ। ਯਥਾ ਗੁਰਵਾਕ :—

ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥੨॥ (੧੮)

ਗਉੜੀ ਸੁਖਮਨੀ ਮ: ੫

ਨਾਮੀ ਵਾਹਿਗੁਰੂ ਦੀ ਪ੍ਰਾਪਤੀ ਲਈ ਵਾਹਿਗੁਰੂ ਨਾਮ ਦੀ ਯਾਚਨਾ ਬਿਨਾਂ ਹੋਰ ਯਾਚਨਾ ਰੱਖਣੀ ਹੀ ਮਹਾਂ ਮਨਮਤਿ ਹੈ। ਯਥਾ ਗੁਰਵਾਕ :—

ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥੧॥ (੨੦)

ਗਉੜੀ ਸੁਖਮਨੀ ਮ: ੫, ਪੰਨਾ ੨੮੯

ਵਾਹਿਗੁਰੂ ਦਾਤਾਰ ਦੇ ਨਾਮ ਬਿਨਾਂ ਸੱਚੇ ਭਗਤ ਜਨਾਂ ਨੂੰ ਹੋਰ ਯਾਚਨਾ (ਇੱਛਾ) ਸਫੁਰਨ ਹੀ ਨਹੀਂ ਹੁੰਦੀ। ਲੋਕਾਂ ਭਾਣੇ ਹਰ-ਦਿਲ-ਅਜ਼ੀਜ਼ ਹੋਣ ਦੀ ਇੱਛਾ ਬੜੀ ਹੀ ਖੋਟੀ ਵਾਸ਼ਨਾ ਹੈ, ਅਮਰ-ਜੀਵਨੀ ਭਗਤ ਕਹਾਉਣ ਵਾਲੇ ਕਈ ਇਕ ਭਗਤ ਜਨ ਇਸ ਹੋਛੀ ਹਰ-ਦਿਲ-ਅਜ਼ੀਜ਼ੀ ਨੂੰ ਜੀਵਨ-ਪ੍ਰੀਖਿਆ ਦਾ ਮਿਆਰ ਸਮਝੀ ਬੈਠੇ ਹਨ, ਹਾਲਾਂਕਿ ਉਨ੍ਹਾਂ ਦਾ ਸਮਝਿਆ ਹੋਇਆ ਇਹ ਮਿਆਰ ਬੜੀ ਹੀ ਨੀਵੀਂ ਹੋਛੀ ਅਤੇ ਤੁਛ ਜਿਹੀ ਗੱਲ ਹੈ। ਹਰ-ਦਿਲ-ਅਜ਼ੀਜ਼ੀ ਇਕ ਲੌਕਿਕ ਵਡਿਆਈ ਵਾਲੀ ਗੱਲ ਤਾਂ ਜ਼ਰੂਰ ਹੈ, ਪਰ ਗੁਰਮਤਿ-ਜੀਵਨ-ਪ੍ਰੀਖਿਆ ਦੇ ਮੁਕਾਬਲੇ ਵਿਚ ਨਿਰੀ ਹੀ ਰਹਿ ਖੜੋਤੀ ਹੋਈ ਜੀਵਨ-ਕਸੌਟੀ ਹੈ। ਨਿਸ਼ਕਾਮ ਭਗਤੀ ਗੁਰਮਤਿ-ਜੀਵਨ-ਪ੍ਰੀਖਿਆ ਵਾਲੇ ਅਖੌਤੀ ਭਗਤ ਜਨਾਂ ਨੂੰ ਪ੍ਰਾਪਤ ਨਹੀਂ ਹੋ ਸਕਦੀ। ਗੁਰਮਤਿ ਅਨੁਸਾਰ ਸਾਰ-ਭਗਤੀ ਰੂਪੀ ਜੀਵਨ ਵਾਲੇ ਭਗਤ ਜਨਾਂ ਨੂੰ ਸਿਵਾਏ ਅਕਾਲ ਪੁਰਖ ਦੀ ਕਾਮਨਾ ਰਹਿਤ ਭਗਤੀ ਦੇ ਹੋਰ ਇੱਛਾ ਕਰਨੀ ਹੀ ਕਲੰਕ ਰੂਪ ਹੈ। ਇਥੋਂ ਤਾਈਂ ਕਿ ਰਾਜ (ਸੂਰਾਜ) ਦੀ ਇੱਛਾ ਰਖਣ ਵਾਲੇ ਨਿਰੇ ਰਾਜ਼-ਅਭਿਮਾਨੀ ਹੀ ਹੋ ਜਾਂਦੇ ਹਨ। ਅਜਿਹੇ ਰਾਜ-ਅਭਿਮਾਨੀ ਇੱਛਕਾਂ ਪ੍ਰਥਾਇ ਹੀ ਇਹ ਗੁਰਵਾਕ ਆਉਂਦਾ ਹੈ :—

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕ ਪਾਤੀ ਹੋਵਤ ਸੁਆਨੁ ॥੧॥ (੧੨)

ਗਉੜੀ ਸੁਖਮਨੀ ਮ: ੫, ਪੰਨਾ ੨੭੮

ਸਪੱਸ਼ਟ ਭਾਵ ਇਸ ਦੋ-ਤੁਕੀ ਦਾ ਇਹ ਹੈ ਕਿ ਨਿਰਾ ਰਾਜ-ਅਭਿਮਾਨੀ ਸਵੈਰਾਜ-ਇਛਕ ਪੁਰਸ਼ ਨਰਕਾਂ ਦਾ ਪਾਤਰ ਅਤੇ ਕੁੱਤੇ ਦੀ ਨਿਆਈਂ ਹੀ ਹੈ। ਤਾਂ ਤੇ ਨਿਸ਼ਕਾਮ ਭਗਤੀ ਵਾਲਿਆਂ ਲਈ ਉਪਰਲੇ ਗੁਰਵਾਕ ਅਨੁਸਾਰ ਜਦੋਂ ਰਾਜ ਦੀ ਇੱਛਾ ਹੀ ਤੁਛ ਮਾਤਰ ਹੈ ਤਦੋਂ ਉਨ੍ਹਾਂ ਨੂੰ ਨਿਰੀ ਲੌਕਿਕ ਵਡਿਆਈ ਅਤੇ ਲੋਕਾਂ ਵਿਚ ਵੱਡਾ ਅਖਵਾਉਣ ਵਾਲੀ ਚਤੁਰਾਈ, ਖਾਸ ਕਰ ਲੋਕਾਂ ਵਿਚ ਹਰ-ਦਿਲ-ਅਜ਼ੀਜ਼ ਹੋਣ ਵਾਲੀ ਛੁਟਿਆਈ ਕਦੋਂ ਭਾ ਸਕਦੀ ਹੈ। ਯਥਾ ਗੁਰਵਾਕ :

ਸਗਲ ਮਨੋਰਥ ਪਾਈਅਹਿ ਮੀਤਾ ॥ ਚਰਨ ਕਮਲ ਸਿਉ ਲਾਈਐ ਚੀਤਾ ॥੧॥
ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ਰਹਾਉ॥
ਸਫਲ ਜਨਮੁ ਹੋਵਤ ਬਡਭਾਗੀ ॥ ਸਾਧ ਸੰਗਿ ਰਾਮਹਿ ਲਿਵ ਲਾਗੀ ॥੨॥
ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥



www.AKJ.Org

ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥ ਭਨਤਿ ਨਾਨਕ ਸਰਨਿ ਪ੍ਰਭ ਤੇਰੀ ॥੪॥੮॥੧੩॥

ਬਿਲਾਵਲੁ ਮ: ੫, ਪੰਨਾ ੮੦੪

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਵਾਹਿਗੁਰੂ (ਪ੍ਰਭੂ) ਧਿਆਵਣਹਾਰੇ ਅਨਿੰਨ ਭਗਤ ਜਨਾਂ ਨੂੰ ਹੀ ਨਿਸ਼ਕਾਮ ਭਗਤ ਪ੍ਰਾਪਤ ਹੋ ਸਕਦੀ ਹੈ। ਤਿਨ੍ਹਾਂ ਨਿਹਕਾਮ ਭਗਤੀ ਵਾਲੇ ਭਗਤ ਜਨਾਂ ਦੀ ਕੇਵਲ ਵਾਹਿਗੁਰੂ ਦੇ ਸਿਫ਼ਤ ਸਲਾਹ ਰੂਪ ਗੁਣ ਗਾਵਣ ਕਰਕੇ ਹੀ ਜਲਨ ਬੁਝਦੀ ਹੈ। ਤਿਨ੍ਹਾਂ ਵਡਭਾਗੀ ਜਨਾਂ ਦਾ ਸਾਰਾ ਜਨਮ ਹੀ ਸਫਲ ਹੋ ਜਾਂਦਾ ਹੈ ਜਿਨ੍ਹਾਂ ਦੀ ਗੁਰੂ ਦੀ ਸੰਗਤ ਦਵਾਰਾ ਵਾਹਿਗੁਰੂ ਦੇ ਵਿਚ ਅਤੁਟ ਲਗਨ ਲਗ ਜਾਂਦੀ ਹੈ। ਉਹੀ, ਕੇਵਲ ਉਹੀ ਭਗਤ ਜਨ ਹੀ ਵਾਹਿਗੁਰੂ ਪਰਮਾਨੰਦ ਦੀ ਪ੍ਰੇਮਾ-ਭਗਤੀ ਵਿਚ ਪ੍ਰਬੀਨ ਹੁੰਦੇ ਹਨ। ਉਹ ਇਕ ਨਿਮਖ ਭਰ ਭੀ ਵਾਹਿਗੁਰੂ ਨੂੰ ਨਹੀਂ ਵਿਸਾਰਦੇ, ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਵਾਹਿਗੁਰੂ ਦੀ ਬਹੁਤੀ ਘਨੇਰੀ ਪਿਆਸ ਲੱਗੀ ਹੋਈ ਹੁੰਦੀ ਹੈ। ਅਜਿਹੇ ਭਗਤ ਜਨ ਹਰਦਮ ਵਾਹਿਗੁਰੂ ਦੀ ਸ਼ਰਨਾਗਤ ਨੂੰ ਪ੍ਰਾਪਤ ਰਹਿੰਦੇ ਹਨ। ਨਿਹਕਾਮ ਭਗਤੀ ਕੇਵਲ ਅਜਿਹੇ ਭਗਤ ਜਨਾਂ ਦੇ ਵਿਰਸੇ ਵਿਚ ਆਈ ਹੈ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਜਿਹੇ ਅਨਿੰਨ ਭਗਤ ਜਨਾਂ ਦੇ ਸਗਲ ਮਨੋਰਥ ਸੁਤੇ ਸਿੱਧ ਹੀ ਪੂਰੇ ਹੁੰਦੇ ਰਹਿੰਦੇ ਹਨ, ਕਿਉਂਕਿ ਅਜਿਹੇ ਅਨਿੰਨ ਤੇ ਨਿਹਕਾਮ ਭਗਤਾਂ ਦਾ ਚਿਤ ਵਾਹਿਗੁਰੂ ਦੇ ਚਰਨ ਕਮਲਾਂ ਵਿੱਚ ਹੀ ਲਗਿਆ ਰਹਿੰਦਾ ਹੈ, ਤਿਨ੍ਹਾਂ ਨੂੰ ਹੋਰ ਕਾਮਨਾ ਨਿਹਕਾਮ ਭਗਤੀ ਬਿਨਾਂ ਸਫੁਰਨ ਹੀ ਨਹੀਂ ਹੁੰਦੀ। ਜਿਨ੍ਹਾਂ ਭਗਤ ਜਨਾਂ ਨੂੰ ਇਸ ਬਿਧਿ ਸੁਤੇ ਸਿਧ ਹੀ ਮਨੋ-ਕਾਮਨਾ ਨਸੀਬ ਹੋ ਜਾਵੇ, ਉਹ ਦਰ-ਹਕੀਕਤ ਨਿਸ਼ਕਾਮ ਭਗਤੀ ਵਾਲੇ ਹੀ ਭਗਤ ਜਨ ਹੁੰਦੇ ਹਨ।

ਤਿਨ੍ਹਾਂ ਨਿਸ਼ਕਾਮ ਭਗਤੀ ਵਾਲਿਆਂ ਨੂੰ ਇਸ ਨਿਸ਼ਕਾਮ ਭਗਤੀ ਦੇ ਬਿਹੂਣ ਹੋਰ ਹੋਛੀਆਂ ਇਛਾਵਾਂ ਚਿਤ-ਚੇਤੇ ਹੀ ਨਹੀਂ ਆਉਂਦੀਆਂ। ਉਹ ਨਿਸ਼ਕਾਮ ਭਗਤ ਜਨ ਹਰਦਮ ਨਿਹਕਾਮ ਭਗਤੀ ਵਿਚ ਹੀ ਲੀਨ ਰਹਿੰਦੇ ਹਨ, ਮਨ ਬਚਨ ਕ੍ਰਮ ਕਰਕੇ। ਤਿਨ੍ਹਾਂ ਗੁਰਮਤਿ ਦੇ ਨਿਸ਼ਕਾਮ ਭਗਤੀ ਵਾਲੇ ਨਿਹਕਾਮੀ ਜਨਾਂ ਨੂੰ ਦੁਨੀਆ ਕਰਕੇ ਹਰਦਿਲ-ਅਜ਼ੀਜ਼ ਹੋਣ ਵਾਲੀ ਇੱਛਾ, ਬੜਾ ਹੀ ਆਤਮ-ਘਾਟਾ ਪ੍ਰਤੀਤ ਹੁੰਦਾ ਹੈ। ਨਿਸ਼ਕਾਮ ਭਗਤੀ ਤਿਨ੍ਹਾਂ ਨੂੰ ਨਸੀਬ ਹੀ ਨਹੀਂ ਹੋ ਸਕਦੀ, ਜੋ ਉਪਰ ਦਸੇ ਲੌਕਿਕ ਹਰਦਿਲ-ਅਜ਼ੀਜ਼ੀ ਦੇ ਖੋਟਿਆਂ ਲਾਹਿਆਂ ਵਿਚ ਪੈ ਕੇ ਆਪਣਾ ਜੀਵਨ ਬਰਬਾਦ ਕਰਦੇ ਹਨ। ਅਜਿਹੀ ਗੁਰਮਤਿ ਸੁਮੱਤੜੀ, ਨਿਸ਼ਕਾਮ ਭਗਤੀ ਵਾਲੀ, ਤਿਸ ਭਗਤ ਜਨ (ਸੇਵਕ ਜਨ) ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸ ਦੇ ਉਪਰ ਵਾਹਿਗੁਰੂ ਦੀ ਖਾਸ ਮਿਹਰ ਨਦਰਿ (ਕਿਰਪਾ) ਹੋਵੇ। ਗੁਰਮਤਿ ਮਤਿ, ਸੱਚੜੀ ਗੁਰਮਤਿ, ਤਿਸੇ ਭਗਤ ਜਨ ਨੂੰ ਹੀ ਮਿਲਦੀ ਹੈ ਜੋ ਉਪਰ ਦਸੇ ਅਨੁਸਾਰ ਨਿਸ਼ਕਾਮ ਭਗਤੀ ਦਾ ਉਤਪੁਤਲਾ (ਮੁਜੱਸਮਾ) ਹੋਵੇ। ਸੱਚੀ ਗੁਰਮਤਿ ਨਿਸ਼ਕਾਮ ਭਗਤੀ ਹੀ ਹੈ। ਨਿਸ਼ਕਾਮ ਭਗਤੀ ਵਿਚ ਪ੍ਰਾਇਣ ਹੋ ਕੇ ਲੀਨ ਹੋਣ ਵਾਲਿਆਂ ਨੂੰ ਹੋਰ ਕੁਮੱਤੜੀ, ਹੋਛੀਆਂ ਇਛਾਵਾਂ ਵਾਲੀ, ਸੁਪਨ ਸਾਰਖੀ ਵੀ ਨਹੀਂ ਫੁਰਦੀ।

ਜਿਹੜਾ ਵਾਹਿਗੁਰੂ ਦੇ ਦਰ ਤੇ ਪਰਵਾਨ ਹੈ ਉਹੀ ਸੰਤ ਭਗਤ ਵਾਹਿਗੁਰੂ ਨੂੰ ਚੰਗਾ ਲਗਦਾ ਹੈ। ਉਹੀ ਜੀਵ ਸਰੇਸ਼ਟ ਜਨ ਹਨ ਜਿਨ੍ਹਾਂ ਨੇ ਵਾਹਿਗੁਰੂ ਨੂੰ ਧਿਆਇਆ ਹੈ। ਅੰਮ੍ਰਿਤ ਰੂਪੀ ਨਾਮ ਦਾ ਖਜ਼ਾਨਾ ਤਿਨ੍ਹਾਂ ਦੇ ਵਿਰਸੇ ਵਿਚ ਆਇਆ ਹੈ। ਯਥਾ ਗੁਰਵਾਕ :—

ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥
ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ..॥੨੬॥ [ਸੋਰਠ ਕੀ ਵਾਰ, ਪੰਨਾ ੬੫੨

ਅਜਿਹੇ ਸੰਤ ਭਗਤ ਜਨਾਂ ਨੂੰ ਵਾਹਿਗੁਰੂ ਦੇ ਨਾਮ ਬਿਨਾਂ ਹੋਰ ਕੁਛ ਭਾਉਂਦਾ ਹੀ ਨਹੀਂ। ਉਹ ਹਰ ਦਮ ਨਿਸ਼ਕਾਮ ਭਗਤੀ ਵਿਚ ਹੀ ਲੀਨ ਰਹਿੰਦੇ ਹਨ। ਤਿਨ੍ਹਾਂ ਨੂੰ ਲੌਕਿਕ ਵਡਿਆਈ ਵਾਲੇ ਕਾਰਜ ਸੁਪਨੇ ਮਾਤ੍ਰ ਭੀ ਨਹੀਂ ਪੋਂਹਦੇ। ਜੋ ਜਨ ਹਰਦਿਲ-ਅਜ਼ੀਜ਼ੀ ਦਾ ਚਾਹਵਾਨ ਹੈ ਉਸ ਦੇ ਨਿਕਟ ਨਿਸ਼ਕਾਮ ਭਗਤੀ ਫਟਕਦੀ ਹੀ ਨਹੀਂ। ਸੱਚੇ ਪਾਤਸ਼ਾਹ ਤਿਸ ਗੁਣ ਗਾਵਣਹਾਰੇ ਢਾਢੀ ਦੇ ਕੁਰਬਾਨ ਜਾਂਦੇ ਹਨ, ਜੋ ਵਾਹਿਗੁਰੂ ਦਾ ਸੱਚਾ ਸੇਵਕ ਭਗਤ ਜਨ ਹੈ। ਤਿਸ ਭਗਤ ਜਨ ਢਾਢੀ ਦਾ ਸਭ ਤੋਂ ਸ੍ਰੇਸ਼ਟ ਕੰਮ ਵਾਹਿਗੁਰੂ ਦੇ ਗੁਣ ਗਾਵਣਾ ਹੀ ਹੈ। ਉਸ



www.AKJ.Org

ਢਾਡੀ ਜਨ ਦੇ ਨਿਰੰਕਾਰ ਵਾਹਿਗੁਰੂ ਸਦਾ ਹੀ ਹਿਰਦੇ ਅੰਦਰ ਵਸਦੇ ਹਨ ਜੋ ਹਰ ਦਮ ਵਾਹਿਗੁਰੂ ਨੂੰ ਹੀ ਲੋੜਦਾ ਹੈ। ਉਹੀ ਗੁਣ ਗਾਵਣਹਾਰਾ ਭਗਤ ਜਨ ਢਾਢੀ ਸਭ ਤੋਂ ਭਾਗਾਂ ਵਾਲਾ ਹੈ, ਜਿਸ ਦਾ ਵਾਹਿਗੁਰੂ ਦਾ ਦੁਆਰਾ ਹੀ ਸੱਚਾ ਠਿਕਾਣਾ ਬਣਿਆ ਹੋਇਆ ਹੈ। ਐਸਾ ਭਗਤ ਜਨ ਦਿਨੇ ਰਾਤ ਵਾਹਿਗੁਰੂ ਨੂੰ ਹੀ ਧਿਆਉਂਦਾ ਰਹਿੰਦਾ ਹੈ ਤੇ ਵਾਹਿਗੁਰੂ ਦੀ ਹੀ ਸਿਫਤ ਸਾਲਾਹ ਕਰਦਾ ਰਹਿੰਦਾ ਹੈ। ਉਹ ਵਾਹਿਗੁਰੂ ਦੇ ਦੁਆਰਿਓਂ ਖਿਨ ਖਿਨ ਅੰਮ੍ਰਿਤ ਨਾਮ ਦੀ ਦਾਤਿ ਹੀ ਮੰਗਦਾ ਹੈ ਅਤੇ ਉਸ ਨੂੰ ਕਦੇ ਹਾਰ ਨਹੀਂ ਆਉਂਦੀ। ਸੱਚ ਨਾਮ ਹੀ ਉਸ ਦਾ ਕਪੜਾ ਤੇ ਭੋਜਨ ਹੈ ਅਤੇ ਉਸ ਦੇ ਹਿਰਦੇ ਅੰਦਰ ਵਾਹਿਗੁਰੂ ਦੀ ਸੱਚੀ ਪ੍ਰੀਤੀ ਹੀ ਧਾਰਨ ਰਹਿੰਦੀ ਹੈ। ਉਹ ਭਗਤ ਢਾਢੀ ਜਨ ਸਭ ਤੋਂ ਗੁਣਵੰਤ ਹੈ ਜਿਸ ਨੂੰ ਵਾਹਿਗੁਰੂ ਦਾ ਸਚਾ ਪਿਆਰ ਪ੍ਰਾਪਤ ਹੈ। ਯਥਾ ਗੁਰਵਾਕ :–

ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥
ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥
ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥
ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਿਦਾ ਲਿਵੈ ਧਾਰਿ ॥
ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ । ੧੧॥

ਰਾਮਕਲੀ ਕੀ ਵਾਰ ਮ: ੫, ਪੰਨਾ ੯੬੨

ਨਿਸ਼ਕਾਮ ਭਗਤੀ ਵਾਲੇ ਭਗਤ ਨੂੰ ਫੁਰਸਤ ਹੀ ਨਹੀਂ ਮਿਲਦੀ ਕਿ ਉਹ ਲੋਕਾਂ ਤੋਂ ਉਸਤਤ ਕਰਾਵੇ ਅਤੇ ਹਰਦਿਲ-ਅਜ਼ੀਜ਼ੀ ਦਾ ਪਾਤਰ ਬਣੇ। ਉਹ ਤਾਂ ਨਿਰੰਕਾਰ ਵਾਹਿਗੁਰੂ ਦੇ ਸਰੂਪ ਵਿਚ ਖੀਵਾ ਰਹਿੰਦਾ ਹੈ ਅਤੇ ਦਿਨ ਰਾਤ ਵਾਹਿਗੁਰੂ ਨਾਮ ਦੇ ਅਭਿਆਸ ਵਿਚ ਹੀ ਖਿਨ ਖਿਨ ਮਸਤੁਲ ਮਸਤ ਹੈ। ਉਸ ਨੂੰ ਦੁਨੀਆ ਦੀਆਂ ਚਾਕਰੀਆਂ ਚੰਗਿਆਈਆਂ ਹਰਗਿਜ਼ ਭਾਉਂਦੀਆਂ ਹੀ ਨਹੀਂ, ਉਸ ਨੂੰ ਵਡਾ ਕਹਾਉਣ ਦਾ ਫੁਰਨਾ ਫੁਰਦਾ ਹੀ ਨਹੀਂ। ਤਾਂ ਤੇ ਨਿਸ਼ਕਾਮ ਭਗਤੀ ਵਾਲੇ ਸੱਚੇ ਭਗਤ ਜਨ ਦੀ ਜੀਵਨ-ਪ੍ਰੀਖਿਆ ਨਿਸ਼ਕਾਮ ਭਗਤੀ ਬਿਨਾਂ ਹੋਰ ਕੁਛ ਬਾਕੀ ਰਹਿੰਦੀ ਹੀ ਨਹੀਂ। ਉਸ ਦੀਆਂ ਸਾਰੀਆਂ ਲੋੜਾਂ ਨਿਸ਼ਕਾਮ ਭਗਤੀ ਬਿਹੂਣ ਉਡ ਜਾਂਦੀਆਂ ਹਨ। ਲੋਕਾਂ ਦਾ ਹਰ-ਮਨ-ਪਿਆਰਾ ਬਣਨ ਦਾ ਜਜ਼ਬਾ ਕੀ ਆਖ? ਇਹ ਦੋਈ ਮੁਤਜ਼ਾਦ ਗੱਲਾਂ ਹਨ। ਨਿਸ਼ਕਾਮ ਭਗਤੀ ਵਾਲੇ ਭਗਤ ਜਨ ਨੂੰ ਭਗਤੀ ਰੂਪੀ ਸਿਮਰਨ ਸੇਵਾ ਬਿਨਾਂ ਹੋਰ ਕੋਈ ਸੇਵਾ ਹੀ ਨਹੀਂ ਸੁਝਦੀ। ਉਹ ਸਾਸ ਗਿਰਾਸ ਸੱਚੇ ਸਿਮਰਨ ਦਾ ਸੇਵਾਦਾਰ ਹੀ ਬਣਿਆ ਰਹਿੰਦਾ ਹੈ। ਉਸ ਨੂੰ ਅਪਾਰ ਵਾਹਿਗੁਰੂ ਦੇ ਗੁਣਾਂ ਦੇ ਗਾਵਣ ਬਿਨਾਂ ਹੋਰ ਕਿਸੇ ਪਾਸੇ ਵਿਹਲ ਹੀ ਨਹੀਂ ਮਿਲਦਾ। ਬਸ, ਨਿਸ਼ਕਾਮ ਭਗਤੀ ਤਿਸੇ ਸੇਵਕ ਜਨ ਨੂੰ ਹੀ ਪ੍ਰਾਪਤ ਹੁੰਦੀ ਹੈ ਜੋ ਹਰਦਮ ਵਾਹਿਗੁਰੂ ਦੀ ਸੇਵਾ-ਭਗਤੀ ਦੇ ਖ਼ਮੀਰ ਵਿਚ ਹੀ ਗੁੱਧਾ ਰੁਧਾ ਰਹੇ। ਇਸ ਗੁਝੇ ਰੁਝੇਵੇਂ ਤੋਂ ਘੁਥਿਆ (ਖਿਸਕਿਆ) ਨਹੀਂ ਅਤੇ ਨਿਸ਼ਕਾਮ ਭਗਤੀ ਵਾਲੀ ਸੱਚੀ ਖੇਡ ਤੋਂ ਖੁੰਝਿਆ ਨਹੀਂ। ਨਿਸ਼ਕਾਮ ਭਗਤੀ ਵਿਚ ਹੀ ਲਿਵ-ਮਸਤ ਰਹਿਣਾ ਉਸ ਦਾ ਸੱਚਾ ਅਹਾਰ ਤੇ ਲਿਬਾਸ ਹੋ ਜਾਂਦਾ ਹੈ। ਵਾਹਿਗੁਰੂ ਦੇ ਪ੍ਰੇਮ-ਪਿਆਰ, ਪ੍ਰੇਮ-ਭਗਤੀ ਸਹਿਤ ਜੁੜਿਆ ਰਹਿਣਾ ਨਿਸ਼ਕਾਮ ਭਗਤੀ ਵਾਲੇ ਸੱਚੇ ਭਗਤ ਦਾ ਸੱਚੜਾ ਸੁਆਰ (ਸੁਭਾਅ) ਹੀ ਹੋ ਜਾਂਦਾ ਹੈ। ਤਿਸ ਦੇ ਨੇੜੇ ਵਡਾ ਬਣਨ ਯਾ ਵੱਡਾ ਅਖਵਾਉਣ ਵਾਲੀ ਚਸਕਾ-ਬਾਜ਼ੀ ਕਦੇ ਵੀ ਨਹੀਂ ਢੁਕਦੀ।

[ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਵਿਚੋਂ


www.AKJ.Org

# ਪ੍ਰਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸਾਡੀ ਅਰਦਾਸ ਵਿਚ ਸਭ ਤੋਂ ਪਹਿਲੀ ਯਾਚਨਾ ਸਮੁੱਚੇ ਪੰਥ, 'ਸਰਬੱਤ ਖ਼ਾਲਸਾ ਜੀ', ਵਲੋਂ ਕੀਤੀ ਜਾਂਦੀ ਹੈ। ਅਰਦਾਸੀਆ ਕੋਈ ਵੀ ਹੋਵੇ ਉਹ 'ਸਰਬੱਤ ਖ਼ਾਲਸਾ ਜੀ' ਦਾ ਪ੍ਰਤਿਨਿਧ ਹੋ ਕੇ ਹੀ ਅਰਦਾਸ ਕਰ ਰਿਹਾ ਹੁੰਦਾ ਹੈ।

ਸਿਖ ਧਰਮ ਵਿਚ ਉਚੇਚੀ ਪੁਜਾਰੀ ਸ਼੍ਰੇਣੀ ਕੋਈ ਨਹੀਂ। ਇਸ ਲਈ ਹਰ ਕੋਈ ਅਰਦਾਸ ਕਰ ਸਕਦਾ ਹੈ। ਇਕ ਬੱਚਾ ਵੀ ਅੱਗੇ ਹੋ ਕੇ ਸੰਗਤ ਵਲੋਂ ਅਰਦਾਸ ਕਰਨ ਦਾ ਹੱਕ ਰਖਦਾ ਹੈ, ਕਿਉਂਕਿ ਉਹ ਖ਼ਾਲਸਾ ਬ੍ਰਾਦਰੀ ਦਾ ਸਦੱਸ ਹੈ, ਤੇ ਇਸ ਨਾਤੇ ਸਰਬੱਤ ਖ਼ਾਲਸਾ ਜੀ ਦੀ ਪ੍ਰਤਿਨਿਧਤਾ ਕਰਨ ਦਾ ਅਧਿਕਾਰੀ ਹੈ।

ਖ਼ਾਲਸਾ ਤਾਂ ਸਦਾ ਹੀ ਸਰਬੱਤ ਹੈ। ਇਨ੍ਹਾਂ ਵਿਚੋਂ ਤਾਂ ਇਕ ਇਕ ਪ੍ਰਾਣੀ ਲਾਡਲੀ ਫ਼ੌਜ ਹੈ ਅਕਾਲ ਪੁਰਖ ਦੀ। ਸਭ ਦੇ ਸਭ ਵਾਸੀ ਹਨ ਅਨੰਦਪੁਰ ਸਾਹਿਬ ਦੇ। ਪਿਤਾ ਸਭ ਦਾ ਗੁਰੂ ਗੋਬਿੰਦ ਸਿੰਘ, ਤੇ ਮਾਂ ਹੈ ਮਾਤਾ ਸਾਹਿਬ ਦੇਵਾਂ (ਕੁਆਰੇ ਡੋਲੇ ਵਾਲੀ ਨਿਰਮਲ ਰੂਹ!)। ਇਹ ਕੌਮ ਦੋ ਨਿਰਮਲ ਆਤਮਾਵਾਂ ਦੇ ਅਦੁਤੀ ਸੰਜੋਗ ਤੋਂ ਪੈਦਾ ਹੋਈ। ਪਹਿਲੀ ਵਾਰ ਇਸ ਨੇ ਹਿੰਦੁਸਤਾਨ ਵਿਚ ਕੌਮੀਅਤ ਦਾ ਇਹਸਾਸ ਜਗਾਇਆ। ਇਸ ਕੌਮ ਨੇ ਵਰ੍ਹਿਆਂ ਵਿਚ ਹੀ ਇਕ ਗੌਰਵਮਈ ਕੌਮੀ ਵਿਰਸਾ ਕਾਇਮ ਕਰ ਦਿੱਤਾ–ਸੁੱਚੀਆਂ ਰਵਾਇਤਾਂ ਤੇ ਉੱਚੀ ਪਰੰਪਰਾ ਦਾ ਇਕ ਅਮੀਰ ਵਿਰਸਾ, ਜਿਸ ਦਾ ਸਾਰੰਸ਼ ਅਰਦਾਸ ਨੇ ਸਾਂਭਿਆ ਹੋਇਆ ਹੈ, ਤੇ ਜੋ ਨਿੱਤ ਅਰਦਾਸ ਵਿਚ ਜੁੜਨ ਵਾਲੇ ਸਰਬੱਤ ਖ਼ਾਲਸਾ ਜੀ ਨੂੰ ਆਪਣੇ ਬਿਰਦ ਵਲੋਂ ਸਚੇਤ ਕਰਦਾ ਹੈ। ਇਹ ਇਹਸਾਸ ਇਕ ਬਲਵਾਨ ਇੱਛਾ ਹੈ ਇਕੱਠਿਆਂ ਜੀਊਣ ਦੀ–ਇਕ ਰੰਗ ਵਿਚ ਰੰਗੀਜ ਕੇ।[1] ਅੰਮ੍ਰਿਤ ਪਾਨ ਕਰ ਕੇ[2] ਇਹਨਾਂ ਦਾ ਕੁੱਲ-ਨਾਸ, ਕਰਮ-ਨਾਸ, ਧਰਮ-ਨਾਸ, ਕਿਰਤ-ਨਾਸ ਹੋ ਗਿਆ ਹੁੰਦਾ ਹੈ। ਇਹ ਸੁਧੇ ਗੁਰੂ ਕੇ ਹੋ ਗਏ ਹੁੰਦੇ ਹਨ। ਖ਼ਾਲਸੇ ਦਾ ਜਨਮ ਮੌਤ 'ਚੋਂ ਹੋਇਆ ਹੈ। ਇਸ ਲਈ ਅੰਮ੍ਰਿਤ ਪਾਨ ਕਰ ਕੇ ਸਿਖ ਦੁਬਾਰੇ ਗੁਰੂ ਦੇ ਘਰ ਜਨਮਦਾ ਹੈ। ਗੁਰੂ ਦੇ ਜਨਮ ਕੇ ਉਹ ਆਪਣਾ ਆਵਾਗਉਣ ਮਿਟਾ ਲੈਂਦਾ ਹੈ।[3]

ਆਪਣੀ ਨਿਜੀ ਜੋਦੜੀ ਤੋਂ ਵੀ ਪਹਿਲਾਂ ਐਸੇ ਸਰਬੱਤ ਖ਼ਾਲਸਾ ਪਰਿਵਾਰ ਲਈ ਅਰਦਾਸ ਕਰਨੀ ਹਰ ਗੁਰਸਿਖ ਲਈ ਬਣ ਆਉਂਦਾ ਹੈ। ਸੋ ਹਰ ਸਿੱਖ ਆਪਣੀ ਨਿੱਜੀ ਯਾਚਨਾ ਤੋਂ ਪਹਿਲਾਂ ਅਰਦਾਸ ਵਿਚ ਸਰਬੱਤ ਖ਼ਾਲਸਾ ਜੀ ਵਲੋਂ ਪ੍ਰਾਰਥਨਾ ਕਰਦਾ ਹੈ। ਇਉਂ ਜਾਪਦਾ ਹੈ ਖ਼ਾਲਸਾ ਜੀ ਦੇ ਹਰ ਕਾਰਜ ਵਿਚ ਸਮੂਹਿਕ ਕਾਮਨਾ, ਸਮੂਹਿਕ ਭਾਵਨਾ ਤੇ ਸਮੂਹਿਕ ਵਿਸ਼ਵਾਸ ਕੰਮ ਕਰਦਾ ਹੈ। ਇਸ ਟੱਬਰ ਦੇ ਸਾਰੇ ਜੀਅ, ਸਾਰੇ ਜੀਆਂ ਲਈ, ਪ੍ਰਭੂ ਦੇ ਨਾਮ-ਸਿਮਰਨ ਦੀ ਮੰਗ ਦੁਹਰਾਉਂਦੇ ਹਨ, ਕਿਉਂਕਿ ਪ੍ਰਭੂ ਚਿਤ ਆਵਣ ਨਾਲ ਹੀ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।[4]

ਸਾਂਝੀ ਆਕਾਂਖਿਆ ਦਾ ਐਸਾ ਸੰਕਲਪ ਕੌਮੀ ਏਕਤਾ ਦੇ ਜਜ਼ਬੇ ਦਾ ਲਖਾਇਕ ਹੈ। ਹਰੇਕ ਸਿੱਖ ਦਾ ਦਿਲ

1. ਬੜੀ ਵਾਰ ਪ੍ਰਸ਼ਨ ਉਠਾਇਆ ਜਾਂਦਾ ਹੈ, "ਕੀ ਸਿਖ ਇਕ ਕੌਮ ਹਨ ?" ਪ੍ਰਸਿੱਧ ਰਾਜਨੀਤਗਜ ਡਾਕਟਰ ਰੇਨਾਂ ਦੇ ਮਤ ਅਨੁਸਾਰ 'ਕੌਮੀਅਤ' ਲਈ ਦੋ ਵੱਡੀਆਂ ਸ਼ਰਤਾਂ ਹਨ। ਜਿਸ ਜਨ-ਸਮੂਹ ਉਪਰ ਇਹ ਸ਼ਰਤਾਂ ਢੁਕਦੀਆਂ ਹੋਣ, ਉਹ ਵਖਰੀ ਕੌਮ ਹੁੰਦਾ ਹੈ। ਇਹ ਸ਼ਰਤਾਂ ਹਨ : (੧) ਸਾਂਝਾ ਅਮੀਰ ਪਰੰਪਰਿਕ ਵਿਰਸਾ ਜਿਸ ਉਪਰ ਉਹਨਾਂ ਨੂੰ ਗਰਬ ਹੋਵੇ, ਤੇ (੨) ਇਕੱਠਿਆਂ ਜੀਊਣ ਦੀ ਲਾਲਸਾ। ਜੇਕਰ ਇਹਨਾਂ ਸ਼ਰਤਾਂ ਨੂੰ ਸ੍ਵੀਕਾਰ ਕਰ ਲਈਏ ਤਾਂ ਸਿੱਖਾਂ ਨੂੰ ਇਕ ਅੱਡਰੀ ਕੌਮ ਤਸਲੀਮ ਕੀਤੇ ਬਿਨਾ ਕਿਵੇਂ ਬਣ ਆਵੇਗੀ ?
2. ਅੰਮ੍ਰਿਤ ਦੀ ਦਾਤ ਦਾ ਅਧਿਕਾਰੀ ਹੋਣਾ, ਸਿਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਕਿ ਉਸ ਨੇ ਅੰਮ੍ਰਿਤ ਪਾਨ ਕੀਤਾ ਹੈ ਇਹੋ ਗੌਰਵ ਵਾਲੀ ਗੱਲ ਹੈ। ਕਿਹੜੇ ਸੰਤ ਜਾਂ ਕਿਹੜੇ ਜੱਥੇ ਪਾਸੋਂ ਕੀਤਾ ਹੈ, ਇਹ ਵਾਫ਼ਰ ਗੱਲ ਹੈ।
   ਅੰਮ੍ਰਿਤੁ ਪੀਆ ਸਤਿਗੁਰਿ ਦੀਆ। ਅਵਰੁ ਨ ਜਾਣਾ ਦੂਆ ਤੀਆ। —ਮਾਰੂ ਮ: ੧ (1034/3)
3. ਸਤਿਗੁਰ ਕੈ ਜਨਮੇ ਗਵਨੁ ਮਿਟਾਇਆ। —ਰਾਮਕਲੀ ਮ: ੧ (940/2)
4. ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। —ਅਰਦਾਸ



www.AKJ.Org

ਸਮੁੱਚੀ ਕੌਮ ਲਈ ਧੜਕਦਾ ਹੈ। 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ' ਦੀ ਬੇਨਤੀ ਸੁਭਾਵਕ ਹੀ ਉਸ ਦੇ ਬੁਲ੍ਹਾਂ ਤੋਂ ਉਭਰਦੀ ਹੈ। ਸਵੇਰੇ ਸ਼ਾਮ ਦੀਵਾਨਾਂ ਅੰਦਰ ਅਰਦਾਸ ਵਿਚ ਜੁੜੇ ਹੋਏ ਜੀਊੜੇ ਜਦੋਂ ਸਰਬੱਤ ਖ਼ਾਲਸਾ ਜੀ ਲਈ ਸੁਖ ਸ਼ਾਂਤੀ, ਰਛਿਆ ਰਿਆਇਤ ਤੇ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹਨ ਤਾਂ ਹਰ ਥਾਂ ਹਰ ਤਰ੍ਹਾਂ ਦੀ ਕੌਮੀ ਜੱਦੋ ਜਹਿਦ ਵਿਚ ਜੂਝ ਰਹੇ ਜਥੇ ਇਕ ਨਵਾਂ ਉਮਾਹ, ਇਕ ਨਵਾਂ ਉਤਸ਼ਾਹ, ਤੇ ਨਵਾਂ ਸਾਹਸ ਰਗਾਂ ਵਿਚ ਦੌੜਦਾ ਪ੍ਰਤੀਤ ਕਰਦੇ ਹਨ। ਭਾਵੇਂ ਉਹ ਰਣ-ਖੇਤਰ ਵਿਚ ਜੂਝਦੇ ਹੋਣ, ਭਾਵੇਂ ਕੈਦਖ਼ਾਨਿਆਂ ਵਿਚ ਬੰਦ ਪਏ ਹੋਣ, ਤੇ ਭਾਵੇਂ ਬਨਾਂ ਵਿਚ ਲੁਕਦੇ ਫਿਰਦੇ ਹੋਣ, ਹਰਥੇ ਆਪਣੇ ਨਾਲ ਸਮੁੱਚੇ ਪੰਥ ਦੀ ਪ੍ਰੇਰਨਾ, ਸ਼ੁਭ ਇੱਛਾ ਤੇ ਆਤਮਕ ਬਲ ਅਨੁਭਵ ਕਰਦੇ ਹਨ।

ਅਰਦਾਸ ਦਾ ਇਹ ਭਾਗ ਪੰਥਕ ਕੌਮੀਅਤ ਤੇ ਪੰਥਕ ਏਕੇ ਦਾ ਸੂਚਕ ਹੈ। ਇਸ ਏਕੇ, ਇਸ ਇਤਫ਼ਾਕ ਦੀਆਂ ਕਦੇ ਲੋਕ ਹਿਕਾਇਤਾਂ ਕਰਦੇ ਸਨ। 'ਸਿਖ ਸਿਖ ਪਰ ਵਾਰਤ ਜਾਨ' ਅਖੌਤ ਹੋ ਗਈ ਸੀ।

ਸਾਡੀ ਇਸ ਏਕਤਾ ਦਾ ਸੋਮਾ ਇਕ ਅਕਾਲ ਉਪਰ ਸਾਡਾ ਭਰੋਸਾ ਹੈ; ਇਕ ਸ਼ਬਦ ਗੁਰੂ ਤੇ ਸਾਡਾ ਏਤਕਾਦ ਹੈ; ਇਕ ਪਵਿਤਰ ਮਾਤਾ ਦੀ ਔਲਾਦ ਹੋਣ ਦਾ ਸੁਭਾਗ ਹੈ; ਭਾਈਆਂ ਦੇ ਪਰਿਵਾਰ ਦੇ ਸਦੱਸ ਹੋਣ ਦਾ ਗੌਰਵ ਹੈ। ਅਸੀਂ ਇੱਕ ਹੈ ਹੀ ਨਹੀਂ, ਇੱਕ ਦਿੱਸਦੇ ਵੀ ਹਾਂ–ਸਾਡਾ ਰੂਪ ਇਕ ਹੈ, ਬਾਣਾ ਇਕ ਹੈ; ਦਾੜ੍ਹੇ ਤੇ ਦਸਤਾਰ ਦਾ ਦੀਦਾਰ ਇਕ ਹੈ।

ਏਕੇ ਦੀ ਇਸ ਭਾਵਨਾ ਨੂੰ ਕਾਇਮ ਰਖਣਾ ਤੇ ਜ਼ਿੰਦਗੀ ਵਿਚ ਕਮਾ ਕੇ ਦਿਖਾਣਾ ਸਾਡਾ ਧਰਮ ਹੈ। ਇਹੋ ਸਾਡੇ ਕੌਮੀ ਅਸਤਿਤਵ ਦੀ ਬੁਨਿਆਦੀ ਸ਼ਰਤ ਹੈ। ਇਸ ਅੰਦਰ ਇਕ ਕੇਂਦਰ ਨਾਲ ਜੁੜਨਾ ਵੀ ਸ਼ਾਮਿਲ ਹੈ ਤੇ ਕਿਸੇ ਕਿਸਮ ਦੀ ਧੜੇਬੰਦੀ ਦੀ ਨਕਾਰਤਾ ਵੀ।[1] ਇਸ ਵਿਚ ਹਰ ਐਸੀ ਹਰਕਤ ਦੀ ਨਿਖੇਧੀ ਵੀ ਹੈ ਜੋ ਸਾਡੇ ਸੰਗਠਿਤ ਅਸਤਿਤਵ ਦੀਆਂ ਵੰਡੀਆਂ ਪਾਵੇ। ਇਸ ਵਿਚ ਵਿਤਕਰਿਆਂ-ਵਖੇਖਿਆਂ ਦਾ ਨਿਖੇਧ ਵੀ ਹੈ ਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ'[2] ਹੋਣ ਦਾ ਐਲਾਨ ਵੀ। ਇਹ ਏਕਾ ਸਾਨੂੰ ਦੂਜੀਆਂ ਕੌਮਾਂ ਤੋਂ ਨਿਆਰਾ ਜ਼ਰੂਰ ਕਰਦਾ ਹੈ, ਪਰ ਉਨ੍ਹਾਂ ਦਾ ਵਿਰੋਧੀ ਨਹੀਂ ਬਣਾਉਂਦਾ। ਇਸ ਵਿਚ ਕੌਮੀਅਤ ਦੇ ਸੰਕਲਪ ਦੀ ਇਕਾਗਰਤਾ ਹੈ, ਉੱਚੇ ਕੌਮੀ ਚਲਨ ਦਾ ਗੌਰਵ ਹੈ, ਤੇ ਇਕ ਓਅੰਕਾਰ ਨਾਲ ਜੁੜੇ ਹੋਣ ਦਾ ਪ੍ਰਣ ਹੈ।

ਐਸੇ ਏਕੇ ਦੇ ਅਨੁਭਵ ਨਾਲ ਹੀ ਸਾਡੀ, ਸਰਬੱਤ ਖ਼ਾਲਸਾ ਜੀ ਵਲੋਂ, ਅਰਦਾਸ ਕਰਨੀ ਬਣਦੀ ਹੈ। ਅਰਦਾਸ ਕਰਨ ਲਗਿਆਂ, ਅਰਦਾਸ ਵਿਚ ਜੁੜੇ ਹਰ ਪ੍ਰਾਣੀ ਨੂੰ ਇਉਂ ਪ੍ਰਤੀਤ ਹੋਣਾ ਚਾਹੀਦਾ ਹੈ ਕਿ ਉਹ ਇਕ ਸਾਂਝੀ ਆਤਮਕ ਗਲਵਕੜੀ ਵਿਚ ਬੱਝਾ ਹੈ। ਸਾਡੇ ਵਿਚੋਂ ਹਰ ਇਕ ਨੂੰ ਕੌਮੀ ਏਕਤਾ ਨੂੰ ਕਾਇਮ ਰਖਣ ਦਾ ਮੁਦੱਈ ਹੋਣਾ ਜ਼ਾਤੀ ਤੌਰ ਤੇ ਧਰਮ ਹੈ। ਇਸ ਏਕਤਾ ਤੇ ਪਹਿਰਾ ਦੇਣਾ ਸਾਡੇ ਲਈ ਲਾਜ਼ਮ ਹੈ ਤੇ ਇਸ ਨੂੰ ਖਿੰਡਣ ਤੋਂ ਬਚਾਈ ਰਖਣਾ ਸਾਡੇ ਵਿਚੋਂ ਹਰ ਇਕ ਦੀ ਜ਼ਿੰਮੇਵਾਰੀ ਹੈ।[3]

ਐਸੀ ਕੌਮੀਅਤ ਦਾ ਸੰਕਲਪ ਬਣਾਈ ਰਖਣਾ ਹੀ ਸਾਡਾ ਅਵਿਰਲ ਉਪਰਾਲਾ ਹੋਣਾ ਚਾਹੀਦਾ ਹੈ, ਤੇ ਇਸ ਦੀ ਪ੍ਰੇਰਨਾ "ਸਰਬੱਤ ਖ਼ਾਲਸਾ ਜੀ" ਵਲੋਂ ਕੀਤੀ ਜਾ ਰਹੀ ਹਰ ਰੋਜ਼ ਦੀ ਅਰਦਾਸ ਤੋਂ ਸਾਨੂੰ ਹਾਸਲ ਕਰਨੀ ਚਾਹੀਦੀ ਹੈ।

[ਛਪ ਰਹੀ ਪੁਸਤਕ "ਅਰਦਾਸ" ਵਿਚੋਂ

1. ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ। ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ।
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੇ ਸੁਆਈ। ਹਮਾਰਾ ਧੜਾ ਹਰਿ ਰਹਿਆ ਸਮਾਈ।
—ਆਸਾ ਮ: ੪ (366/1)
2. ਸੋਰਠਿ ਮ: ੫ (611/18)
3. ਇਸ ਏਕਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਕਿਸੇ ਵੀ ਜੁੱਟ ਨੂੰ ਆਪਣੇ ਫ਼ੈਸਲੇ ਪੰਥ ਉਤੇ 'ਪੰਥਕ ਫ਼ੈਸਲੇ' ਦੀ ਸ਼ਕਲ ਵਿਚ ਥੋਪਣ ਤੋਂ ਵਰਜ ਸਕੀਏ। ਕੋਈ ਇਕੱਲੀ ਸੰਪ੍ਰਦਾਇ, ਕੋਈ ਇਕੱਲੀ ਰਾਜਸੀ ਜਮਾਤ, ਸਰਬੱਤ ਖ਼ਾਲਸਾ ਨਹੀਂ। ਜੇਕਰ ਇਹ ਨਹੀਂ ਮੰਨਾਂਗੇ ਤਾਂ ਕਈ ਸਰਬੱਤ ਖ਼ਾਲਸੇ ਹੋ ਜਾਣਗੇ। ਪਰ, ਸਰਬੱਤ ਖ਼ਾਲਸਾ ਤਾਂ ਵਾਹਦ ਇੱਕ ਹੈ, ਸਭ ਸੰਪ੍ਰਦਾਵਾਂ ਜਿਸ ਅੰਦਰ ਆ ਜਾਂਦੀਆਂ ਹਨ, ਸਾਰੇ ਧੜੇ ਜਿਸ ਵਿਚ ਅਲੋਪ ਹੋ ਜਾਂਦੇ ਹਨ।


www.AKJ.Org

੧੮ ਅਪ੍ਰੈਲ ਨੂੰ ਗੁਰਿਆਈ ਪੁਰਬ–

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰ-ਗੱਦੀ

[ਸ: ਸੰਗਤ ਸਿੰਘ ਹੀਰਾ, ਡੀ 237, ਨਹਿਰੂ ਵਿਹਾਰ, ਦਿਲੀ-7]

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਆਪਣੇ ਛੋਟੇ ਸਪੁਤਰ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਗੁਰ ਗੱਦੀ ਦੀ ਸੌਂਪਣਾ ਕੀਤੀ। ਉਹ ਦੀਨ-ਦੁਖੀਆਂ ਦੀ ਸੇਵਾ ਕਰਦੇ ਹੋਏ ਦਿੱਲੀ ਵਿਚ ਜੋਤੀ ਜੋਤਿ ਸਮਾ ਗਏ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪ ਨੇ "ਗੁਰੂ-ਬਾਬਾ ਬਕਾਲੇ" ਕਿਹਾ ਸੀ। ਜਿਸ ਕਾਰਨ ਗੁਰੂ-ਘਰ ਦੇ ਸ਼ਰਧਾਲੂ ਸਿਖ ਨੌਵੇਂ ਸਤਿਗੁਰਾਂ ਦੇ ਦਰਸ਼ਨਾਂ ਲਈ ਹੁਮ-ਹੁਮਾ ਕੇ ਬਕਾਲੇ ਪੁਜਣੇ ਸ਼ੁਰੂ ਹੋ ਗਏ।

ਕਿਉਂਕਿ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਸਪੱਸ਼ਟ ਰੂਪ ਵਿਚ ਨੌਵੇਂ ਸਤਿਗੁਰਾਂ ਦਾ ਨਾਂ ਨਹੀਂ ਸੀ ਲਿਆ, ਕੇਵਲ ਬਾਬਾ ਕਹਿ ਕੇ ਸੰਕੇਤ ਮਾਤ੍ਰ ਦਿਤਾ ਸੀ, ਇਸ ਲਈ ਗੁਰ-ਗੱਦੀ ਦੇ ਚਾਹਵਾਨਾਂ ਨੇ, ਜਿਨ੍ਹਾਂ ਵਿਚ ਬਾਬਾ ਗੁਰਦਿਤਾ ਜੀ ਦੇ ਸਪੁਤਰ ਅਤੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਭਰਾਤਾ ਧੀਰ ਮਲ ਵੀ ਸ਼ਾਮਲ ਸਨ, ਬਕਾਲੇ ਵਿਖੇ ਪੁਜ ਕੇ ਆਪੋ-ਆਪਣੀਆਂ ਗੱਦੀਆਂ ਲਾ ਲਈਆਂ ਤੇ ਆਪਣੇ ਆਪ ਨੂੰ ਨੌਵਾਂ ਗੁਰੂ ਅਖਵਾਣਾ ਸ਼ੁਰੂ ਕਰ ਦਿਤਾ।

ਇਨ੍ਹਾਂ ਦਿਨਾਂ ਵਿਚ ਹੀ ਇਕ ਬਿਉਪਾਰੀ ਮੱਖਣ ਸ਼ਾਹ ਲੁਬਾਣਾ ਸਤਿਗੁਰਾਂ ਦੇ ਦਰਸ਼ਨ ਦੀ ਅਭਿਲਾਸ਼ਾ ਲੈ ਕੇ ਦਿੱਲੀ ਪੁਜਾ, ਜਿਥੋਂ ਉਸ ਨੂੰ ਪਤਾ ਲਗਾ ਕਿ ਅਠਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ "ਗੁਰੂ-ਬਾਬਾ ਬਕਾਲੇ" ਹੁਕਮ ਫ਼ੁਰਮਾ ਕੇ ਜੋਤੀ ਜੋਤਿ ਸਮਾ ਗਏ ਹਨ। ਇਹ ਪਤਾ ਲਗਣ ਤੇ ਮੱਖਣ ਸ਼ਾਹ ਆਪਣੇ ਪਰਿਵਾਰ ਅਤੇ ਸਾਥੀਆਂ ਸਹਿਤ ਬਕਾਲੇ ਜਾ ਪੁਜਾ।

ਬਕਾਲੇ ਪੁਜ ਕੇ ਉਸ ਨੇ ਪਿੰਡ ਦੇ ਬਾਹਰ ਡੇਰਾ ਲਾ ਲਿਆ। ਉਸ ਨੂੰ ਪਤਾ ਲਗਾ ਕਿ ਇਥੇ ਤਾਂ ਕਈ ਸੋਢੀ ਗੱਦੀਆਂ ਲਾਈ ਗੁਰੂ ਬਣੇ ਬੈਠੇ ਹਨ। ਉਸ ਦੇ ਪੁਜਣ ਦਾ ਪਤਾ ਲਗਾ ਤਾਂ ਸਾਰੇ ਮੰਜੀ-ਦਾਰ ਗੁਰੂਆਂ ਦੇ ਮਸੰਦ ਆ ਕੇ ਉਸ ਦੇ ਦੁਆਲੇ ਹੋ ਗਏ ਤੇ ਉਸਨੂੰ ਆਪੋ-ਆਪਣੇ ਕੈਂਪਾਂ ਵਿਚ ਲਿਜਾਣ ਲਈ ਖਿਚ-ਧੂਹ ਕਰਨ ਲਗੇ।

ਮੱਖਣ ਸ਼ਾਹ ਲੁਬਾਣਾ ਇਕ ਚੰਗਾ ਬਿਉਪਾਰੀ ਸੀ ਤੇ ਬੰਦੇ ਦੀ ਪਰਖ ਕਰਨ ਵਿਚ ਮਾਹਿਰ ਸੀ। ਉਸ ਨੇ ਫ਼ੈਸਲਾ ਕੀਤਾ ਕਿ ਉਹ ਉਹਨਾਂ ਸਾਰੇ ਕੈਂਪਾਂ ਵਿਚ ਜਾਏਗਾ, ਜਿਥੇ ਸੋਢੀ ਪਰਿਵਾਰ ਦੇ ਬਾਈ ਬੰਦੇ ਗੁਰੂ ਬਣੇ ਬੈਠੇ ਹਨ।

ਮੱਖਣ ਸ਼ਾਹ ਨੇ ਸਾਰੇ ਮਸੰਦਾਂ ਨੂੰ ਕਿਹਾ ਕਿ ਉਹ ਚਲੇ ਜਾਣ, ਥੋੜੀ ਦੇਰ ਬਾਅਦ ਤਿਆਰ ਹੋ ਕੇ ਉਹ ਆਪ ਸਾਰੇ ਬਣੇ-ਗੁਰੂਆਂ ਦੇ ਦਰਸ਼ਨ ਕਰਨ ਲਈ ਆਵੇਗਾ। ਮਸੰਦਾਂ ਦੇ ਚਲੇ ਜਾਣ ਪਿਛੋਂ ਮੱਖਣ ਸ਼ਾਹ ਨੇ ਆਪਣੇ ਨਾਲ ਕੁਝ ਸਾਥੀ ਲਏ ਤੇ ਪਿੰਡ ਵਲ ਤੁਰ ਪਿਆ। ਸਭ ਤੋਂ ਪਹਿਲਾਂ ਉਹ ਧੀਰਮਲ ਦੇ ਡੇਰੇ ਪੁਜਾ। ਦੋ ਸੋਨੇ ਦੀਆਂ ਮੋਹਰਾਂ ਅਗੇ ਰਖੀਆਂ ਤੇ ਮੱਥਾ ਟੇਕ ਕੇ ਬੈਠ ਗਿਆ। ਥੋੜੀ ਦੇਰ ਬੈਠਣ ਅਤੇ ਗੱਲਾਂ ਕਥਾਂ ਪਿਛੋਂ ਉਠ ਆਇਆ। ਉਸ ਦੇ ਚਿਹਰੇ ਤੋਂ ਨਿਰਾਸਾ ਟੱਪਕ ਰਹੀ ਸੀ। ਇਸੇ ਤਰ੍ਹਾਂ ਉਹ ਵਾਰੋ-ਵਾਰੀ ਬਾਈ ਦੇ ਬਾਈ ਕੈਂਪਾਂ ਵਿਚ ਗਿਆ। ਹਰ ਇਕ ਅਗੇ ਉਸ ਨੇ ਦੋ ਸੋਨੇ ਦੀਆਂ ਮੋਹਰਾਂ ਰਖੀਆਂ ਤੇ ਮੱਥਾ ਟੇਕਿਆ। ਸਾਰੇ ਕੈਂਪਾਂ ਵਿਚੋਂ ਵਾਪਸ ਆਉਣ ਤੇ ਉਸ ਨੇ ਸਪੱਸ਼ਟ ਕਿਹਾ ਕਿ ਇਨ੍ਹਾਂ ਵਿਚੋਂ ਕੋਈ ਵੀ ਸੱਚਾ ਗੁਰੂ ਨਹੀਂ ਦਿਸਦਾ।

ਆਪਣੇ ਸਾਥੀਆਂ ਨੂੰ ਵਾਪਸ ਭੇਜ ਕੇ ਉਹ ਆਪ ਪਿੰਡ ਦਾ ਚੱਕਰ ਲਾਉਣ ਟੁਰ ਪਿਆ। ਪਿੰਡ ਦੇ ਬੱਚਿਆਂ ਕੋਲੋਂ ਬਜ਼ੁਰਗਾਂ ਕੋਲੋਂ, ਉਸ ਨੇ ਪੁਛਿਆ ਕਿ ਇਥੇ ਕੋਈ ਹੋਰ ਵੀ ਗੁਰੂ-ਅੰਸ ਵਿਚੋਂ ਹੈ ? ਉਸ ਨੂੰ ਦਸਿਆ ਗਿਆ ਕਿ ਇਥੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਸਾਹਿਬ ਦੇ ਸਪੁਤਰ ਬਾਬਾ ਤੇਗਾ (ਜੀ) ਰਹਿੰਦੇ ਹਨ, ਪਰ ਉਹ ਕਿਸੇ ਨੂੰ ਘਟ ਵਧ ਹੀ ਮਿਲਦੇ ਹਨ। ਪਿਛਲੇ ਇਕ ਮਹੀਨੇ ਤੋਂ ਤਾਂ ਉਨ੍ਹਾਂ ਨੂੰ ਕਿਸੇ ਨੇ ਵੇਖਿਆ ਵੀ ਨਹੀਂ।

ਇਹ ਪਤਾ ਲੈ ਕੇ ਮੱਖਣ ਸ਼ਾਹ ਡੇਰੇ ਪੁਜਾ ਤੇ ਉਸ ਨੇ ਆਪਣੇ ਸਾਥੀਆਂ ਨਾਲ ਗੱਲਬਾਤ ਕੀਤੀ। ਸਾਥੀਆਂ ਨੇ ਕਿਹਾ ਕਿ ਜੇਕਰ ਉਹ ਸੱਚੇ ਗੁਰੂ ਹੁੰਦੇ ਤਾਂ ਜ਼ਰੂਰ ਉਹ ਵੀ ਗੱਦੀ ਲਾ ਕੇ ਬੈਠੇ ਹੁੰਦੇ, ਜਾਪਦਾ ਹੈ ਸੱਚਾ ਗੁਰੂ ਇਥੇ ਕੋਈ ਨਹੀਂ। ਮੱਖਣ ਸ਼ਾਹ ਨੇ ਕਿਹਾ "ਸੱਚੇ ਸਤਿਗੁਰੂ ਇਸੇ ਪਿੰਡ ਵਿਚ ਹਨ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ



www.AKJ.Org

# ਹਿੰਸਾ ਤਉ ਮਨ ਤੇ ਨਹੀ ਛੂਟੀ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਪ੍ਰਭਾਕਰ' ਵਿਚ ਹਿੰਸਾ ਦੇ ਅਰਥ ਕਰਦੇ ਹਨ : ਕਤਲ ਕਰਨਾ, ਚੋਰੀ ਕਰਨਾ, ਜ਼ੁਲਮ ਕਰ ਕੇ ਪ੍ਰਾਣੀਆਂ ਨੂੰ ਸਤਾਉਣਾ, ਆਪਣੇ ਸੁਆਰਥ ਲਈ ਜੀਵਾਂ ਆਦਿ ਦਾ ਮਾਰਨਾ। ਇਥੇ ਅਸੀਂ ਇਸ ਵਿਸ਼ੇ ਦੀ ਬਹਿਸ ਵਿਚ ਨਹੀਂ ਪੈਣਾ ਕਿ ਮਾਸ ਖਾਣਾ ਚਾਹੀਦਾ ਹੈ ਜਾਂ ਨਹੀਂ। ਅੱਜ ਖਾਲਸਾ ਪੰਥ ਵਿਚ ਇਹ ਇਕ ਵਾਦ ਵਿਵਾਦ ਦਾ ਵਿਸ਼ਾ ਬਣ ਚੁਕਾ ਹੈ। ਪਰ ਗੁਰਬਾਣੀ ਦੇ ਅਧਿਐਨ ਤੋਂ ਕੁਝ ਮੁਢਲੀਆਂ ਕਦਰਾਂ ਉਜਾਗਰ ਹੁੰਦੀਆਂ ਹਨ ਕਿ ਹਿੰਸਾ ਗੁਰਮਤਿ ਦੇ ਪਾਂਧੀ ਲਈ ਬਹੁਤ ਹਾਨੀਕਾਰਕ ਹੈ।

ਹਿੰਸਾ ਦੋ ਪ੍ਰਕਾਰ ਦੀ ਹੋ ਸਕਦੀ ਹੈ, ਇਕ ਸਥੂਲ ਰੂਪ ਦੀ ਹਿੰਸਾ ਹੁੰਦੀ ਹੈ ਤੇ ਦੂਜੀ ਦਾ ਰੂਪ ਅਤਿ ਸੂਖਮ ਹੁੰਦਾ ਹੈ। ਅੱਜ ਕੀ ਭਾਰਤੀ ਸਮਾਜ ਵਿਚ ਅਤੇ ਕੀ ਦੇਸਾਂ ਪਰਦੇਸਾਂ ਵਿਚ, ਸਾਰਾ ਸੰਸਾਰ ਹੀ ਮਾਨੋ ਸਥੂਲ ਹਿੰਸਾ

---

ਹੁਕਮ ਅਟੱਲ ਹੈ, ਸੱਚ ਹੈ, ਉਹ ਗ਼ਲਤ ਨਹੀਂ ਹੋ ਸਕਦਾ। ਅਸੀਂ ਸਵੇਰੇ ਬਾਬਾ ਤੇਗਾ ਜੀ ਦੇ ਦਰਸ਼ਨ ਕਰਨ ਚਲਾਂਗੇ। ਆਪੇ ਪਤਾ ਲਗ ਜਾਏਗਾ।''

ਸਲਾਹ ਮਸ਼ਵਰਾ ਕਰਨ ਤੋਂ ਪਿਛੋਂ ਸਾਰੇ ਸੌਂ ਗਏ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਪਾਠ ਕਰਨ ਉਪਰੰਤ ਮੱਖਣ ਸ਼ਾਹ ਆਪਣੇ ਕੁਝ ਚੋਣਵੇਂ ਸਾਥੀ ਲੈ ਕੇ ਸ੍ਰੀ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਚਲ ਪਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਪੁਜ ਕੇ ਉਸ ਨੇ ਮਾਤਾ ਨਾਨਕੀ ਜੀ ਅਤੇ ਗੁਜਰੀ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਸ੍ਰੀ ਤੇਗ ਬਹਾਦਰ ਜੀ ਦੇ ਦਰਸ਼ਨ ਕਰਵਾਏ ਜਾਣ।

ਸ੍ਰੀ ਤੇਗ ਬਹਾਦਰ ਜੀ ਭੋਰੇ ਵਿਚ ਬੈਠੇ ਤਪੱਸਿਆ ਕਰ ਰਹੇ ਸਨ। ਜਿਉਂ ਹੀ ਗੁਜਰੀ ਜੀ ਨੇ ਭੋਰੇ ਦਾ ਦਰਵਾਜ਼ਾ ਖੋਲ੍ਹਿਆ, ਭੋਰੇ ਵਿਚ ਰੌਸ਼ਨੀ ਵੇਖ ਕੇ ਮੱਖਣ ਸ਼ਾਹ ਤੇ ਉਸ ਦੇ ਸਾਥੀਆਂ ਦੀਆਂ ਅੱਖਾਂ ਚੁੰਧਿਆ ਗਈਆਂ। ਸ੍ਰੀ ਤੇਗ ਬਹਾਦਰ ਜੀ ਅੱਖਾਂ ਮੂੰਦ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੇ, ਨਾਮ-ਖੁਮਾਰੀ ਵਿਚ ਸਮਾਧੀ-ਸਥਿਤ ਸਨ।

ਮੱਖਣ ਸ਼ਾਹ ਨੇ ਅਗੇ ਵਧ ਕੇ ਦੋ ਸੋਨੇ ਦੀਆਂ ਮੋਹਰਾਂ ਚਰਨਾਂ ਵਿਚ ਰਖੀਆਂ ਤੇ ਮੱਥਾ ਟੇਕ ਕੇ ਬੈਠ ਗਿਆ। ਉਸ ਦੇ ਬਾਕੀ ਸਾਥੀ ਵੀ ਗੁਰੂ-ਦਰਸ਼ਨਾਂ ਵਿਚ ਮੱਥਾ ਟੇਕ ਕੇ ਬੈਠ ਗਏ। ਸ੍ਰੀ ਤੇਗ ਬਹਾਦਰ ਜੀ ਦੇ ਹੋਠਾਂ ਤੇ ਅਚਾਨਕ ਮੁਸਕ੍ਰਾਹਟ ਆਈ ਤੇ ਨੇਤ੍ਰ ਬੰਦ ਕੀਤਿਆਂ ਹੀ ਬੋਲੇ, 'ਮੱਖਣ ਸ਼ਾਹ! ਇਹ ਕੀ? ਪੰਜ ਸੌ ਮੋਹਰਾਂ ਦੀ ਸੁਖਣਾ ਸੁਖ ਕੇ ਕੇਵਲ ਦੋ ਮੋਹਰਾਂ ਭੇਟ ਕਰ ਰਿਹਾ ਹੈਂ?'' ਮੱਖਣ ਸ਼ਾਹ ਨੇ ਇਹ ਬੋਲ ਸੁਣੇ ਤਾਂ ਬਿਹਬਲ ਹੋ ਕੇ ਚਰਨਾਂ ਵਿਚ ਲੇਟ ਗਿਆ। ਉਸ ਦੀਆਂ ਅੱਖਾਂ ਵਿਚੋਂ ਅਰੁਕ ਹੰਝੂ ਵਹਿ ਤੁਰੇ। ਪੰਜ ਸੌ ਮੋਹਰਾਂ ਭੇਟ ਕਰਨ ਉਪਰੰਤ ਉਹ ਵਾਰ-ਵਾਰ ਕਹਿ ਰਿਹਾ ਸੀ, ''ਗੁਰੂ ਲਾਧੋ ਰੇ, ਗੁਰੂ ਲਾਧੋ ਰੇ।''

ਗੁਰੂ ਸਾਹਿਬ ਨੇ ਉਸ ਦੇ ਸਿਰ ਤੇ ਹੱਥ ਰਖਿਆ। ਮੱਖਣ ਸ਼ਾਹ ਇਕ ਦੰਮ ਉਠ ਖੜਾ ਹੋਇਆ ਤੇ ਦੌੜ ਕੇ ਭੋਰੇ ਤੋਂ ਬਾਹਰ ਨਿਕਲ ਗਿਆ। ਕੋਠੇ ਤੇ ਚੜ੍ਹ ਕੇ ਰੌਲਾ ਪਾਉਣ ਲਗ ਪਿਆ—''ਗੁਰੂ ਲਾਧੋ ਰੇ, ਗੁਰੂ ਲਾਧੋ ਰੇ .....'' ਕੁਝ ਪਲਾਂ ਵਿਚ ਹੀ ਇਹ ਆਵਾਜ਼ ਸਾਰੇ ਪਿੰਡ ਵਿਚ ਗੂੰਜ ਗਈ। ਪਾਖੰਡੀ ਗੁਰੂਆਂ ਨੇ ਆਪਣੇ ਬਿਸਤਰੇ ਲਪੇਟਣੇ ਸ਼ੁਰੂ ਕਰ ਦਿਤੇ। ਸੰਗਤਾਂ ਹੁਮ-ਹੁਮਾ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰ ਤੇ ਇਕਤ੍ਰ ਹੋਣੀਆਂ ਸ਼ੁਰੂ ਹੋ ਗਈਆਂ।

ਸਿਖ ਸੰਗਤਾਂ ਦੇ ਸਜੇ ਇਕ ਭਾਰੀ ਦੀਵਾਨ ਵਿਚ ਮੱਖਣ ਸ਼ਾਹ ਨੇ ਸਾਰੀ ਘਟਨਾ ਸੰਗਤਾਂ ਨੂੰ ਸੁਣਾਈ ਤੇ ਕਿਹਾ ਕਿ ਇਹੀ ਸੱਚੇ ਸਤਿਗੁਰੂ ਹਨ। ਸਤਿਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਸੰਗਤਾਂ ਦਰਸ਼ਨ ਕਰਨ ਲਈ ਥਾਂ ਥਾਂ ਤੋਂ ਧਾਹ ਕੇ ਪੁਜਣੀਆਂ ਸ਼ੁਰੂ ਹੋ ਗਈਆਂ। ਚਹੁੰਆਂ ਪਾਸਿਆਂ ਤੋਂ ਗਹਿਮਾ ਗਹਿਮ ਸ਼ੁਰੂ ਹੋ ਗਈ। ਗੁਰੂ ਦਰਬਾਰ ਵਿਚ ਨਾਮ-ਬਾਣੀ-ਕੀਰਤਨ ਦੇ ਲੰਗਰ ਚਲਣੇ ਅਰੰਭ ਹੋ ਗਏ ਅਤੇ ਅਨੰਦ ਮੰਗਲਾਚਾਰ ਦੀਆਂ ਧੁਨੀਆਂ ਹਰ ਪਾਸੇ ਗੂੰਜਣ ਲਗੀਆਂ।



www.AKJ.Org

ਨਾਲ ਭਰਿਆ ਪਿਆ ਹੈ। ਹਿੰਸਾ ਦਾ ਉਲਟ ਸ਼ਬਦ ਦਇਆ ਹੈ। ਅਹਿੰਸਾ ਤਾਂ ਐਵੇਂ ਨਾ-ਵਾਚਕ (Negative) ਸ਼ਬਦ ਘੜਿਆ ਗਿਆ ਹੈ। ਮੂਲਕ ਗੱਲ ਤਾਂ ਇਹ ਹੈ ਕਿ ਜਿਸ ਵੇਲੇ ਮਨੁਖ ਦੇ ਧੁਰ ਹਿਰਦੇ ਅੰਦਰੋਂ ਦਇਆ ਖ਼ਤਮ ਹੋ ਜਾਂਦੀ ਹੈ, ਉਸ ਦੇ ਹਰ ਇਕ ਕੀਤੇ ਕਰਮ ਦਾ ਆਧਾਰ ਹਿੰਸਾ ਬਣ ਜਾਂਦਾ ਹੈ। ਜਿਵੇਂ ਪੁੰਨ, ਦਾਨ, ਪਰਉਪਕਾਰ ਦਾ ਮੂਲਕ ਸੋਮਾ ਦਇਆ ਹੈ, ਇਸੇ ਤਰ੍ਹਾਂ ਹਰ ਪ੍ਰਕਾਰ ਦਾ ਅਪਰਾਧ, ਚੋਰੀ, ਡਾਕਾ, ਲੁਟ, ਖੋਹ, ਜ਼ੁਲਮ, ਜਬਰ, ਔਰਤਾਂ ਅਤੇ ਮਾਸੂਮ ਬੱਚਿਆਂ ਤੇ ਅਤਿਆਚਾਰ, ਕੌੜਾ ਬੋਲਣਾ, ਗਾਲ੍ਹਾਂ ਕਢਣਾ, ਦੂਜੇ ਦਾ ਬੁਰਾ ਚਿਤਵਣਾ, ਹਰ ਪ੍ਰਕਾਰ ਦਾ ਵਿਤਕਰਾ ਕਰਨਾ, ਚਾਹੇ ਉਹ ਬੋਲੀ, ਰੰਗ ਜਾਂ ਮਜ਼ਹਬ ਦੇ ਆਧਾਰ ਤੇ ਕਿਉਂ ਨਾ ਹੋਵੇ, ਇਹਨਾਂ ਸਾਰਿਆਂ ਮੰਦਭਾਗੀ ਕਰਮਾਂ ਦੇ ਪਿਛੇ ਮਨੁਖੀ ਹਿਰਦੇ ਵਿਚ ਦਇਆ ਦੀ ਘਾਟ ਪਰਤੀਤ ਹੁੰਦੀ ਹੈ। ਅੱਜ ਪੰਜਾਬ ਵਿਚ ਕਿਵੇਂ ਮਾਸੂਮ ਰਾਹ ਜਾਂਦੇ ਲੋਕ ਮਾਰੇ ਜਾ ਰਹੇ ਹਨ, ਕਿਤੇ ਕੋਈ ਧਨ ਲੁਟ ਰਿਹਾ ਹੈ, ਕਿਤੇ ਕੋਈ ਕਾਰਾਂ ਖੋਹ ਰਿਹਾ ਹੈ। ਕਿਤੇ ਕਿਸੇ ਦੀ ਪਤਿ ਲੁਟੀ ਜਾ ਰਹੀ ਹੈ, ਕਿਤੇ ਗੁਰਦੁਆਰਿਆਂ ਦੀ ਪਵਿਤਰਤਾ ਭੰਗ ਹੋ ਰਹੀ ਹੈ। ਪੁਲਿਸ ਵੀ ਨਿਰਦੋਸ਼ਾਂ ਤੇ ਅਤਿ ਦੀ ਮਾਰ-ਕੁਟਾਈ ਕਰ ਰਹੀ ਹੈ। ਇਹ ਸਭ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਲੋਕਾਂ ਦਾ ਖ਼ੂਨ ਸਫ਼ੈਦ ਹੋ ਗਿਆ ਹੈ, ਦਇਆ ਅੰਦਰੋਂ ਖ਼ਤਮ ਹੋ ਚੁਕੀ ਹੈ। ਸੋ ਹਿੰਸਾ ਦਾ ਇਕ ਵਿਰਾਟ ਰੂਪ ਸਾਡੇ ਸਾਹਮਣੇ ਹੈ। ੧੯੮੪ ਦੇ ਦੰਗਿਆਂ ਦੀ ਅੱਗ ਭਾਰਤ ਦੇ ਅਨੇਕਾਂ ਨਗਰਾਂ ਵਿਚ ਜਦੋਂ ਫੈਲੀ ਤਾਂ ਹਜ਼ਾਰਾਂ ਜਾਨਾਂ ਇਸ ਅੱਗ ਦੀ ਭੇਟ ਚੜ੍ਹੀਆਂ, ਕਰੋੜਾਂ ਦੀ ਸੰਪਤੀ ਨਸ਼ਟ ਹੋਈ, ਇਕ ਅਣਮਨੁਖੀ ਵਿਵਹਾਰ ਦੀ ਖੁਲ੍ਹੇ-ਆਮ ਪਰਦਰਸ਼ਨੀ ਹੋਈ। "ਅਹਿੰਸਾ ਪਰਮੋ ਧਰਮਾ" ਦੇ ਇਸ ਦੇਸ਼ ਵਿਚ ਹਿੰਸਾ ਦਾ ਇਹ ਭਿਆਨਕ ਰੂਪ ਦੇਖਣ ਵਿਚ ਆਇਆ।

ਮੁਸਲਿਮ ਰਾਜ, ਮੁਗਲ ਰਾਜ ਦਾ ਸਮਾਂ ਹਿੰਸਾ ਦੀਆਂ ਅਨਗਿਣਤ ਵਾਰਦਾਤਾਂ ਨਾਲ ਲਬਾ ਲਬ ਭਰਿਆ ਪਿਆ ਹੈ। ਅਨੇਕਾਂ ਭਾਰਤੀ ਨਰ-ਨਾਰੀਆਂ ਨੂੰ ਐਵੇਂ ਮੌਤ ਦੇ ਘਾਟ ਉਤਾਰਿਆ ਗਿਆ, ਅਨੇਕਾਂ ਬਹੂ-ਬੇਟੀਆਂ ਨੂੰ ਵੇਚਿਆ ਗਿਆ। ਜ਼ਬਰਦਸਤੀ ਕਰ ਉਗਰਾਹੁਣਾ, ਕੇਵਲ ਹਿੰਦੂ ਜਨਤਾ ਤੇ ਜਜ਼ੀਆ ਅਤੇ ਤੀਰਥ-ਯਾਤਰਾ ਟੈਕਸ ਲਗਾਉਣਾ ਹਿੰਸਾ ਹੀ ਤਾਂ ਸੀ। ਫਿਰ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵਰਗੀਆਂ ਮਹਾਨ ਪਵਿਤਰ ਹਸਤੀਆਂ ਨੂੰ ਸ਼ਹੀਦ ਕਰ ਦੇਣਾ ਸਿੱਧ ਕਰਦਾ ਹੈ ਕਿ ਮਨੁਖ ਵਿਚ ਜਦੋਂ ਦਯਾ ਮੁਕ ਜਾਂਦੀ ਹੈ ਤਾਂ ਉਹ ਪਸ਼ੂ ਬਣ ਜਾਂਦਾ ਹੈ। ਫਿਰ ਨਿੱਕੇ ਨਿੱਕੇ ਨੌਂ ਅਤੇ ਗਿਆਰਾਂ ਸਾਲ ਦੇ ਬੱਚਿਆਂ ਨੂੰ ਜੀਉਂਦੇ ਨੀਂਹਾਂ ਵਿਚ ਚਿਣ ਦੇਣਾ, ਖੋਪਰੀ (ਸਣੇ ਕੇਸਾਂ) ਰੰਬੀ ਨਾਲ ਉਤਾਰ ਦੇਣੀ, ਚਰਖੜੀਆਂ ਤੇ ਚੜ੍ਹਾ ਦੇਣਾ, ਮੌਜੂਦਾ ਸਮੇਂ ੧੯੧੯ ਦਾ ਜਲ੍ਹਿਆਂ ਵਾਲਾ ਬਾਗ ਦਾ ਕਾਂਡ ਅਤੇ ੧੯੨੧ ਦਾ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ, ੧੯੧੪-੧੯੧੯ ਅਤੇ ੧੯੩੮-੪੫ ਦੇ ਦੋ ਮਹਾਨ ਵਿਸ਼ਵ ਵਿਆਪੀ ਯੁਧਾਂ ਸਮੇਂ ਭਿਆਨਕ ਤਬਾਹੀ, ਅਤੇ ਫਿਰ ੧੯੪੭ ਦੀ ਦੇਸ਼-ਵੰਡ ਸਮੇਂ ਦਾ ਕਤਲੇ ਆਮ, ਇਹ ਸਭ ਕੁਝ ਸਿੱਧ ਕਰਦਾ ਹੈ ਕਿ ਮਨੁਖ-ਜਗਤ ਵਿਚੋਂ ਦਇਆ ਖ਼ਤਮ ਹੋਣ ਤੇ ਆਈ ਹੋਈ ਹੈ।

ਹਿੰਸਾ ਦੇ ਅਸਥੂਲ ਰੂਪ ਨੂੰ ਵੇਖ ਕੇ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਮਾਡਰਨ ਮਨੁਖ ਤਾਂ ਕਹਿੰਦਾ ਹੈ ਕਿ ਹੁਣ ਦੁਨੀਆ ਬਹੁਤ ਬਦਲ ਗਈ ਹੈ ਅਤੇ ਸਭਿਅਤਾ ਦਾ ਬਹੁਤ ਵਿਕਾਸ ਹੋਇਆ ਹੈ। ਕੀ ਸਚਮੁਚ ਮਨੁਖ ਬਦਲ ਗਿਆ ਹੈ ? ਉਤਰ ਨਿਰਾਸ਼ਾ-ਜਨਕ ਹੈ। ਮਨੁਖ ਭਾਵੇਂ ਬਾਹਰਲੇ ਤੌਰ ਤੇ ਕਿਤਨਾ ਹੀ ਬਦਲ ਗਿਆ ਦਿਸਦਾ ਹੈ, ਪਰ ਅੰਦਰੋਂ ਦਇਆ ਦੀ ਘਾਟ ਹੋਣ ਕਾਰਨ, ਉਸ ਦਾ ਝੁਕਾਅ ਹਿੰਸਾ ਵਲ ਨੂੰ ਹੀ ਵਧਿਆ ਹੈ। ਹਰ ਪ੍ਰਕਾਰ ਦੀ ਚੋਰੀ, ਸਮਗਲਿੰਗ, ਰਿਸ਼ਵਤ ਆਦਿ ਦਾ ਬੋਲ ਬਾਲਾ ਹੈ। ਅਜ ਤੋਂ ਹਜ਼ਾਰ ਸਾਲ ਪਹਿਲਾਂ ਹੋ ਸਕਦੈ, ਉਸਦਾ ਰੂਪ ਕੁਝ ਹੋਰ ਤਰ੍ਹਾਂ ਦਾ ਹੋਵੇ, ਤੇ ਹੁਣ ਜ਼ਰਾ ਸਾਫ਼ ਸੁਥਰਾ ਰੂਪ ਹੋਵੇ। ਪਰ ਹੈ ਤਾਂ ਉਹ ਹਿੰਸਾ। ਇਵੇਂ ਹੀ ਵਾਪਾਰ ਵਿਚ ਜਾਇਜ਼ ਮੁਨਾਫ਼ੇ ਤੋਂ ਵਧ ਲੈਣਾ, ਬਲੈਕ ਕਰਨਾ ਭੀ ਹਿੰਸਾ ਹੈ।

ਹਿੰਸਾ ਦਾ ਦੂਸਰਾ 'ਸੂਖਮ ਸਰੂਪ' ਹੈ, ਜਿਸ ਦਾ ਅਹਿਸਾਸ ਸੂਖਮ ਅਨੁਭਵ ਵਾਲੇ ਪ੍ਰਭੂ-ਭਗਤੀ ਵਿਚ ਲੀਨ ਹੋਏ ਭਗਤ ਜਨਾਂ ਨੂੰ ਹੁੰਦਾ ਹੈ। ਉਹਨਾਂ ਦੇ ਇਹਨਾਂ ਕੋਮਲ ਭਾਵਾਂ ਨੂੰ ਸਮੇਂ ਸਿਰ ਸਤਿਗੁਰਾਂ ਨੇ ਸਾਨੂੰ ਸੇਧ ਦੇਣ ਲਈ ਸੰਭਾਲਿਆ। ਇਸ ਲੇਖ ਦਾ ਸਿਰਲੇਖ ਭਗਤ ਪਰਮਾਨੰਦ ਜੀ ਦੇ ਸਾਰੰਗ ਰਾਗ ਵਿਚ ਆਏ ਸ਼ਬਦ ਤੋਂ ਲਿਆ ਹੈ—

ਹਿੰਸਾ ਤਉ ਮਨ ਤੇ ਨਹੀ ਛੂਟੀ, ਜੀਅ ਦਇਆ ਨਹੀ ਪਾਲੀ ॥ (ਪੰਨਾ ੧੨੫੩)



www.AKJ.Org

ਵਾਹਿਗੁਰੂ ਜੀ ਦੇ ਭਗਤ ਜਨਾਂ ਦਾ ਕੋਮਲ ਹਿਰਦਾ ਇਸ ਸੱਚ ਨੂੰ ਮਹਿਸੂਸ ਕਰ ਸਕਦਾ ਹੈ। ਬਾਬਾ ਫਰੀਦ ਜੀ ਦੇ ਅੰਤਮ ਸਲੋਕਾਂ ਵਿਚ ਪੰਨਾ ੧੩੮੪ ਤੇ ਸੂਖਮ ਹਿੰਸਾ ਤੋਂ ਬਚਣ ਦੀ ਪ੍ਰੇਰਨਾ ਮਿਲਦੀ ਹੈ–

ਇਕੁ ਫਿਕਾ ਨਾ ਗਾਲਾਇ, ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥੧੨੯॥

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ॥੧੩੦॥

ਫਿਕਾ ਬੋਲਣ ਦਾ ਭਾਵ ਹੈ ਕਿਸੇ ਨੂੰ ਕਉੜੇ ਬੋਲ ਬੋਲ ਕੇ ਦਿਲ ਦੁਖਾਉਣਾ। ਫਰੀਦ ਜੀ ਕਉੜਾ ਬੋਲਣ ਤੋਂ ਇਸ ਲਈ ਵਰਜਦੇ ਹਨ, ਕਿਉਂਕਿ ਹਰ ਪ੍ਰਾਣੀ ਦੇ ਧੁਰ ਹਿਰਦੇ ਅੰਦਰ ਵਾਹਿਗੁਰੂ ਜੀ ਦਾ ਨਿਵਾਸ ਹੈ। ਐਸਾ ਹਿਰਦਾ ਤਾਂ ਕੀਮਤੀ ਹੀਰੇ ਦੇ ਤੁਲ ਹੁੰਦਾ ਹੈ, ਉਸ ਨੂੰ ਠੇਸ ਲਗਾਣੀ ਮਾੜੀ ਗੱਲ ਦਸਦੇ ਹਨ। ਅੰਤ ਵਿਚ ਇਹੋ ਕਹਿ ਕੇ ਸਲੋਕਾਂ ਦੀ ਸਮਾਪਤੀ ਕਰਦੇ ਹਨ, ਕਿ ਜੇ ਤੈਨੂੰ ਪ੍ਰਭੂ-ਪ੍ਰੀਤਮ ਦੇ ਮਿਲਣ ਦੀ ਤਾਂਘ ਹੈ ਤਾਂ ਕਿਸੇ ਦੇ ਦਿਲ ਨੂੰ ਠੋਕਰ ਨ ਲਾਈਂ, ਮਤਾਂ ਪਿਆਰਾ ਤੇਰੇ ਨਾਲ ਰੁਸ ਜਾਏ, ਕਿਉਂਕਿ ਉਹ ਸਭ ਅੰਦਰ ਵਸ ਰਿਹਾ ਹੈ।

ਫਿਕਾ ਬੋਲਣਾ ਸੂਖਮ ਹਿੰਸਾ ਹੈ। ਫਿਕਾ ਬੋਲਣ ਪਿਛੇ ਦੋ ਮੂਲ ਪਰਵਿਰਤੀਆਂ (Basic instincts) ਕੰਮ ਕਰਦੀਆਂ ਹਨ–ਇਕ ਕ੍ਰੋਧ ਅਤੇ ਦੂਜਾ ਅਹੰਕਾਰ। ਕ੍ਰੋਧ ਦੇ ਵਸ ਹੋ ਕੇ ਮਨੁਖ ਆਪੇ ਤੋਂ ਬਾਹਰ ਹੋ ਜਾਂਦਾ ਹੈ।

ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ ॥

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

(ਸਲੋਕ ਮ: ੧, ਪੰਨਾ ੪੭੩)

ਫਿਕਾ ਬੋਲਣ ਵਾਲੇ ਨੂੰ ਮਹਾਰਾਜ ਨੇ ਮੂਰਖ ਆਖਿਆ ਹੈ ਅਤੇ ਉਸ ਨੂੰ ਸੱਚੀ ਦਰਗਾਹ ਵਿਚ ਜੁੱਤੀਆਂ ਦੀ ਮਾਰ ਪੈਂਦੀ ਦਸੀ ਹੈ। ਅੱਜ ਸੰਸਾਰ ਇਹੋ ਜਿਹੇ ਫਿਕਾ ਬੋਲਣ ਵਾਲੇ ਮੂਰਖਾਂ ਨਾਲ ਭਰਦਾ ਜਾਦਾ ਹੈ, ਇਸ ਲਈ ਜਿਥੇ ਸਥੂਲ ਹਿੰਸਾ ਵਿਚ ਵਾਧਾ ਹੋਇਆ ਹੈ, ਉਥੇ ਸੂਖਮ ਹਿੰਸਾ ਵਿਚ ਭੀ ਕਾਫ਼ੀ ਵਾਧਾ ਹੋਇਆ ਹੈ।

ਦਸਵੇਂ ਪਾਤਸ਼ਾਹ ਨੇ ਬੁਧ ਜੀ ਦੇ 'ਅਹਿੰਸਾ ਪਰਮੋ ਧਰਮਾ' ਦਾ ਸਮਰੱਥਨ ਨਹੀਂ ਕੀਤਾ, ਸਗੋਂ ਉਪਰੋਕਤ ਫਿਕੇ ਮੂਰਖਾਂ ਨੂੰ ਲੋੜ ਪੈਣ ਤੇ ਸੋਧਣ ਦਾ ਵਿਧਾਨ ਕਰ ਦਿੱਤਾ ਹੈ ਅਤੇ ਫ਼ੁਰਮਾਇਆ ਹੈ ਕਿ ਜਦੋਂ ਇਹ ਮੂਰਖ ਹਿੰਸਕ ਬਿਰਤੀ ਵਾਲੇ ਲੋਕ ਆਪਣੀਆਂ ਕਰਤੂਤਾਂ ਤੋਂ ਰੁਕਦੇ ਨਾ ਦਿਸਣ ਤਾਂ ਧਰਮ ਦੀ ਰੱਖਿਆ ਲਈ ਅਤੇ ਭਲੇ ਪੁਰਸ਼ਾਂ ਦੀ ਹਿਫ਼ਾਜ਼ਤ ਲਈ ਦੁਸ਼ਟਾਂ ਦੋਖੀਆਂ ਨੂੰ ਸੋਧਣਾ ਜ਼ਰੂਰੀ ਹੋ ਜਾਂਦਾ ਹੈ। ਬਚਿਤ੍ਰ ਨਾਟਕ ਵਿਚ ਗੁਰਵਾਕ ਹੈ–

ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥ ਧਿਆਏ ੬

ਭਗਤ ਕਬੀਰ ਜੀ ਭੀ ਤਾਂ ਇਹੋ ਗੱਲ ਸਪੱਸ਼ਟ ਕਰਦੇ ਹਨ ਕਿ ਮੈਨੂੰ ਇਹ ਜ਼ਿਮੇਵਾਰੀ ਸੌਂਪੀ ਗਈ ਹੈ ਕਿ ਪ੍ਰਭੂ-ਭਗਤਾਂ ਦਾ ਸਤਿਕਾਰ ਕਰਦਾ ਹੋਇਆ ਮੈਂ ਦੁਸ਼ਟਾਂ ਨੂੰ ਡੰਨ ਦੇਵਾਂ, ਉਨ੍ਹਾਂ ਨੂੰ ਸੁਮੱਤੇ ਲਾਵਾਂ ਅਤੇ ਉਨ੍ਹਾਂ ਦੀ ਸੁਧਾਈ ਕਰਾਂ– ਸੰਤਾ ਮਾਨਉ ਦੂਤਾ ਡਾਨਉ, ਇਹ ਕੁਟਵਾਰੀ ਮੇਰੀ ॥੧॥੪॥(ਰਾਮਕਲੀ ਕਬੀਰ ਜੀ, ੯੬੯)

ਉਪਰੋਕਤ ਸਾਰੀ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਗੁਰਮਤਿ ਹਰ ਤਰ੍ਹਾਂ ਦੀ ਸਥੂਲ ਜਾਂ ਸੂਖਮ ਹਿੰਸਾ ਦੇ ਵਿਰੁਧ ਹੈ। ਸਭ ਨਾਲ ਪਿਆਰ ਕਰਨ ਵਾਲਾ ਹਿੰਸਾ ਕਰ ਹੀ ਨਹੀਂ ਸਕਦਾ। ਸਿੱਖ ਬੁਨਿਆਦੀ ਤੌਰ ਤੇ ਅਹਿੰਸਕ ਹੈ। ਪਰ ਉਹ ਲੋੜ ਪੈਣ ਤੇ ਸਵੈ-ਰੱਖਿਆ ਜਾਂ ਦੀਨਾਂ ਦੀ ਰੱਖਿਆ ਲਈ ਸ਼ਸਤਰ ਵੀ ਉਠਾ ਸਕਦਾ ਹੈ। ਕਿਉਂਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ ਕਿ ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ ਸਸਤ੍ਰ ਫੜਨਾ ਜਾਇਜ਼ ਹੋ ਜਾਂਦਾ ਹੈ। ਫ਼ੁਰਮਾਨ– ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।

ਹਲਾਲ ਅਸਤ ਬੁਰਦਨ ਬ-ਸ਼ਮਸ਼ੀਰੇ ਦਸਤ।੨੨। [ਜ਼ਫ਼ਰਨਾਮਾ

ਸ਼ਸਤਰ ਲੈ ਕੇ ਸਭ ਨੂੰ ਡਰਾਉਂਦੇ ਫਿਰਨਾ ਸਿੱਖ ਦਾ ਕੰਮ ਨਹੀਂ। ਉਸ ਦਾ ਪ੍ਰਮੁਖ ਕੰਮ ਨਾਮ ਜਪਣਾ ਤੇ ਸਰਬੱਤ ਦਾ ਭਲਾ ਲੋਚਣਾ ਹੈ।

ਹਿੰਸਾ ਨੂੰ ਕੇਵਲ ਮਨੁਖੀ ਪੱਧਰ ਤਕ ਹੀ ਸੀਮਿਤ ਰਖਿਆ ਜਾਂਦਾ ਹੈ। ਪਰ ਕੀ ਮਨੁਖ ਪਸ਼ੂ-ਜਗਤ ਜਾਂ ਪੰਛੀ-ਜਗਤ ਜਾਂ ਪਾਣੀ ਦੇ ਜੀਵਾਂ ਨਾਲ ਹਿੰਸਾ ਕਰੇ ? ਗੁਰਮਤਿ ਇਸ ਸੰਬੰਧੀ ਸਪੱਸ਼ਟ ਉਤਰ ਦਿੰਦੀ ਹੈ :—



www.AKJ.Org

# ਕਾਹੇ ਜਗਿ ਆਏ ਰਾਮ ਰਾਜੇ (੪)

[ਸੂਬੇਦਾਰ ਧਰਮ ਸਿੰਘ ਜੀ, ਪਿੰਡ ਸੁਜੋਂ ਜ਼ਿਲਾ ਜਲੰਧਰ]

(ਲੜੀ ਜੋੜਨ ਲਈ ਵੇਖੋ 'ਸੂਰਾ' ਮਾਰਚ ੧੯੯੯)

ਪਿਛੇ ਅਸੀਂ ਪੜ੍ਹ ਆਏ ਹਾਂ ਕਿ ਅਸੀਂ ਅਕਾਲ ਪੁਰਖ ਤੋਂ ਵਿਛੜੇ ਹਾਂ ਤੇ ਅਕਾਲ ਪੁਰਖ ਵਿਚ ਲੀਨ ਤ ਸਾਡਾ ਜੀਵਨ-ਲਕਸ਼ ਹੈ। ਇਸ ਲਕਸ਼ ਦੀ ਪ੍ਰਾਪਤੀ ਲਈ ਪਹਿਲੇ ਪ੍ਰਚਲਤ ਸਿਧਾਂਤ--ਸੋਚ, ਲਿਵ, ਭੁਖ ਤੇ ਸਿਆਣਪ–ਨੂੰ ਨਕਾਰਾ ਕਰ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਹੁਕਮ" ਤੇ "ਰਜ਼ਾ" ਦਾ ਨਵਾਂ ਸਿਧਾਂਤ ਪੇਸ਼ ਕੀਤਾ। ਹੁਣ ਵਿਚਾਰ ਇਸ ਗੱਲ ਤੇ ਕਰਨੀ ਹੈ ਕਿ ਇਸ ਨਵੇਂ ਸਿਧਾਂਤ ਅਨੁਸਾਰ ਕਮਾਈ ਜਾਂ ਅਭਿਆਸ ਕਿਵੇਂ ਕਰੀਏ ਕਿ ਅਕਾਲ ਪੁਰਖ ਦੇ ਮਿਲਾਪ ਦਾ ਉਦੇਸ਼ ਪੂਰਾ ਹੋ ਸਕੇ।

**ਗੁਰਮਤਿ–**

ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ ਜਗਿਆਸੂ ਜਨਾਂ ਨੂੰ, ਜਿਨ੍ਹਾਂ ਤੇ ਉਹ ਦਿਆਲ ਹੁੰਦੇ ਸਨ, ਚਰਨ-ਪਾਹੁਲ ਦੇ ਕੇ ਗੁਰ-ਮੰਤਰ ਦੀ ਬਖ਼ਸ਼ਿਸ਼ ਕਰਦੇ ਰਹੇ ਹਨ। ਦਸਮੇਸ਼ ਪਿਤਾ ਜੀ ਨੇ ਅਗੋਂ ਦੇਹ-ਧਾਰੀ ਗੁਰੂ ਦਾ ਸਿਲਸਿਲਾ ਖ਼ਤਮ ਕਰ ਕੇ, ਗੁਰਗੱਦੀ ਗੁਰੂ ਗਰੰਥ ਸਾਹਿਬ ਨੂੰ ਸੌਂਪ ਦਿਤੀ। ਦਸਮੇਸ਼ ਜੀ ਨੇ ਗੁਰੂ ਗਰੰਥ ਸਾਹਿਬ ਦੀ ਤਾਬਿਆ, ਗੁਰਮੁਖ ਪਿਆਰੇ, ਨਾਮ ਦੇ ਰਸੀਏ ਪੰਚ ਜਨਾਂ ਦੇ ਹੱਥੀਂ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ, ਤੇ ਅੰਮ੍ਰਿਤ ਛਕਾ ਕੇ, ਗੁਰ-ਮੰਤਰ ਬਖ਼ਸ਼ਿਸ਼ ਕਰਨ ਦੀ ਰੀਤ ਚਲਾਈ, ਜੋ ਪੰਥ ਦੇ ਅੰਦਰ ਅਜ ਤਕ ਚਲੀ ਆ ਰਹੀ ਹੈ।

ਹਿੰਦੂ ਮਤ ਦੀ ਜਨੇਊ ਜਾਂ ਈਸਾਈ ਮਤ ਦੀ ਬਿਪਤਸਮਾ ਦੀ ਰਸਮ ਵਾਂਗ, ਸਿੱਖੀ ਧਰਮ ਵਿਚ ਪਰਵੇਸ਼ ਕਰਨ ਦੀ ਇਹ ਸਾਧਾਰਨ ਰਸਮ ਨਹੀਂ ਹੈ। ਇਸ ਕਿਰਿਆ ਦਾ ਇਕ ਖ਼ਾਸ ਮਕਸਦ ਹੈ। ਜੇ ਤਾਂ ਉਹ ਮਕਸਦ ਪੂਰਾ ਹੋ ਗਿਆ ਤਾਂ ਇਹ ਅੰਮ੍ਰਿਤ ਦੀ ਕਿਰਿਆ ਸਫਲ, ਨਹੀਂ ਤੇ ਇਹ ਭੀ ਇਕ ਸਾਧਾਰਨ ਰਸਮ ਤੋਂ ਵਧ ਕੋਈ ਮਤਲਬ ਨਹੀਂ ਰਖਦੀ। "ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ" (੬੯੭) ਦੇ ਅਨੁਸਾਰ ਗੁਪਤ ਨਾਮ ਨੂੰ ਜਗਿਆਸੂ ਅੰਦਰ ਪਰਗਟ ਕਰ ਕੇ ਨਾਮ ਦੀ ਰੌ ਜਾਰੀ ਕੀਤੀ ਜਾਂਦੀ ਹੈ, ਜਿਸ ਨੂੰ "ਅੰਮ੍ਰਿਤ-ਕਲਾ ਦਾ ਵਰਤਾਉਣਾ" ਆਖਿਆ ਜਾਂਦਾ ਹੈ। ਇਸ ਅੰਮ੍ਰਿਤ-ਕਲਾ ਦੇ ਵਰਤਾਉਣ ਲਈ ਸਿਰਫ ਉਹ ਸੱਜਣ ਹੀ ਪੰਚਾਂ ਦੀ ਸੇਵਾ ਵਿਚ ਲਏ ਜਾਂਦੇ ਹਨ ਜਿਨ੍ਹਾਂ ਅੰਦਰ ਇਹ ਕਲਾ ਸੁਰਜੀਤ ਹੋ ਚੁਕੀ ਹੈ ਤੇ ਹੁਣ ਉਹ ਚੜ੍ਹਦੀ ਕਲਾ ਵਿਚ ਹੈ। ਹਰ ਕਿਸੇ ਜਣੇ ਖਣੇ ਨੂੰ ਪੰਚਾਂ ਦੀ ਸੇਵਾ ਵਿਚ ਨਹੀਂ ਲਿਆ ਜਾਂਦਾ। ਇਸ ਪ੍ਰਥਾਏ ਕੁਝ ਖ਼ਾਸ ਵਾਕਿਆਤ, ਜੋ ਅਖੰਡ ਕੀਰਤਨੀ ਜਥੇ ਵਿਚ ਬੀਤ ਚੁਕੇ ਹਨ, ਪੇਸ਼ ਕੀਤੇ ਜਾਂਦੇ ਹਨ–

(੧) ਦਸਦੇ ਹਨ ਕਿ ਇਕ ਵਾਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਗਵਾਈ ਵਿਚ ਅੰਮ੍ਰਿਤ-ਸੰਚਾਰ ਸਮਾਗਮ ਹੋ ਰਿਹਾ ਸੀ। ਪਹਿਲੇ ਇਕ ਦੋ ਸੱਜਣਾਂ ਨੂੰ ਜਿਸ ਵੇਲੇ ਅੰਮ੍ਰਿਤ ਪਾਨ ਕਰਵਾਇਆ ਗਿਆ ਤਾਂ ਭਾਈ ਸਾਹਿਬ

---

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥੧੭॥ (ਗਉੜੀ ਕੀ ਵਾਰ ਮ: ੫, ੩੨੨)

ਕਿਸੇ ਭੀ ਜੀਵ ਦਾ ਘਾਤ ਕਰਨਾ, ਜਾਨੋਂ ਮਾਰਨਾ, ਜਾਂ ਦੁਖ ਦੇਣਾ, ਦਇਆ-ਹੀਨ ਕਰਮ ਹੈ। ਇਸੇ ਨੂੰ ਹਿੰਸਾ ਕਹੀਦਾ ਹੈ। ਇਸ ਤੋਂ ਬਚਣ ਦਾ ਬਾਰ ਬਾਰ ਉਪਦੇਸ਼ ਹੈ। ਸਗੋਂ ਸਭ ਜੀਵਾਂ ਨਾਲ ਪਿਆਰ ਅਤੇ ਨਿੰਮ੍ਰਤਾ ਨਾਲ ਪੇਸ਼ ਆਉਣ ਦੀ ਤਾਕੀਦ ਕੀਤੀ ਗਈ ਹੈ। ਮਨੁਖੀ ਸਭਿਅਤਾ ਵਿਚੋਂ ਜਿੰਨਾ ਚਿਰ ਹਿੰਸਾ ਨਹੀਂ ਖ਼ਤਮ ਹੁੰਦੀ, ਜਾਂ ਖ਼ਤਮ ਨਹੀਂ ਕਰ ਦਿਤੀ ਜਾਂਦੀ, ਇਸ ਦੀ ਬਾਹਰਲੀ ਤਰੱਕੀ ਨੂੰ ਤਰੱਕੀ ਨਹੀਂ ਮੰਨਿਆ ਜਾ ਸਕਦਾ। ਇਹਨਾਂ ਦੈਵੀ ਗੁਣਾਂ ਤੋਂ ਬਿਨਾਂ ਮਨੁਖ ਅਜੇ ਪਸ਼ੂ-ਪੱਧਰ ਤੇ ਹੀ ਜੀਉਂਦਾ ਹੈ।



www.AKJ.Org

ਦੀ ਦਿਬ-ਦ੍ਰਿਸ਼ਟੀ ਅਨੁਸਾਰ ਅੰਮ੍ਰਿਤ ਦੀ ਉਹ ਕਲਾ ਨਾ ਵਰਤੀ ਜੋ ਵਰਤਣੀ ਚਾਹੀਦੀ ਸੀ। ਭਾਈ ਸਾਹਿਬ ਨੇ ਅੰਮ੍ਰਿਤ ਅਭਿਲਾਖੀਆਂ ਨੂੰ ਬਾਹਰ ਭਿਜਵਾ ਦਿਤਾ ਤੇ ਪੰਚਾਂ ਦੀ ਦੋਬਾਰਾ ਸੋਧ ਸੁਧਾਈ ਕੀਤੀ ਗਈ ਤਾਂ ਪਤਾ ਲਗਾ ਕਿ ਇਕ ਪੰਚ ਵਿਚ ਕੁਝ ਊਣਤਾਈ ਪਾਈ ਗਈ, ਜੋ ਪਹਿਲੀ ਸੋਧ ਵਿਚ ਕਿਸੇ ਕਾਰਨ ਸਾਹਮਣੇ ਆਉਣ ਤੋਂ ਰਹਿ ਗਈ ਸੀ। ਪਿਛੋਂ ਉਸ ਦੀ ਥਾਂ ਹੋਰ ਸੱਜਣ ਸ਼ਾਮਲ ਕਰ ਕੇ ਸਮਾਗਮ ਪੂਰਾ ਕੀਤਾ ਗਿਆ।

(੨) ਇਕ ਵਾਰ ਬਾਬੂ ਮੱਲ ਸਿੰਘ ਜੀ ਨੇ ਏਹ ਆਪ-ਬੀਤੀ ਸੁਣਾਈ ਕਿ ਉਨ੍ਹਾਂ ਦੀ ਅਗਵਾਈ ਵਿਚ ਲੁਧਿਆਣੇ ਅੰਮ੍ਰਿਤ ਸਮਾਗਮ ਹੋ ਰਿਹਾ ਸੀ। ਅੰਮ੍ਰਿਤ-ਅਭਲਾਖੀਆਂ ਦੀ ਪੁਛ ਪੜਤਾਲ ਚਲ ਰਹੀ ਸੀ। ਉਸ ਇਲਾਕੇ ਦੇ ਮੰਨੇ-ਪ੍ਰਮੰਨੇ ਸੰਤ, ਜਿਨ੍ਹਾਂ ਦਾ ਨਾਮ ਉਨ੍ਹਾਂ ਗੁਪਤ ਹੀ ਰਖਿਆ, ਅੰਮ੍ਰਿਤ ਦੀ ਦਾਤ ਲਈ ਪੇਸ਼ ਹੋਏ। ਬਾਬੂ ਜੀ ਦਸਦੇ ਸਨ ਕਿ ਉਨ੍ਹਾਂ ਨੇ ਸਧਾਰਨ ਪੁਛ ਗਿੱਛ ਕਰ ਕੇ ਹੋਰ ਜ਼ਿਆਦਾ ਪੁਛ ਗਿਛ ਤੋਂ ਕੁਝ ਸੰਕੋਚ ਕੀਤਾ। ਸੰਕੋਚ ਇਸ ਖ਼ਿਆਲ ਨਾਲ ਕੀਤਾ ਕਿ ਇਹ ਇਕ ਉਘੇ ਸੰਤ ਹਨ, ਇਸ ਲਈ ਇਨ੍ਹਾਂ ਵਿਚ ਕੋਈ ਖ਼ਾਸ ਨੁਕਸ ਨਹੀਂ ਹੋਣਾ। ਬਾਬੂ ਜੀ ਉਸ ਸੰਤ ਨੂੰ ਅੰਮ੍ਰਿਤ ਛਕਣ ਦੀ ਮਨਜ਼ੂਰੀ ਦੇਣ ਹੀ ਵਾਲੇ ਸਨ ਕਿ ਪਿਛੇ ਤੋਂ ਬਾਬੂ ਜੀ ਨੂੰ ਗੋਡੇ ਦੀ ਇਕ ਹੁਜ ਵੱਜੀ ਤੇ ਨਾਲ ਹੀ ਆਵਾਜ਼ ਆਈ, "ਇਸ ਨੂੰ ਹੋਰ ਪੁਛ"। ਬਾਬੂ ਜੀ ਨੇ ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਉਥੇ ਕੋਈ ਭੀ ਆਦਮੀ ਨਹੀਂ ਸੀ। (ਨਾ ਹੀ ਸਮਾਗਮ ਵੇਲੇ ਕੋਈ ਵਾਧੂ ਪੁਰਸ਼ ਹੁੰਦਾ ਹੀ ਹੈ)। ਬਾਬੂ ਜੀ ਨੇ ਜਦੋਂ ਹੋਰ ਪੁਛ-ਪੜਤਾਲ ਕੀਤੀ ਤਾਂ ਉਹ ਦਸਦੇ ਸਨ ਕਿ ਉਸ ਸੰਤ ਨੂੰ ਚਹੁੰਆਂ ਬੱਜਰ ਕੁਰਹਿਤਾਂ ਦਾ ਦੋਸ਼ੀ ਪਾਇਆ ਗਿਆ।

(੩) ਇਕ ਵਾਰ ਲੁਧਿਆਣੇ ਹੀ ਸਮਾਗਮ ਚਲ ਰਿਹਾ ਸੀ। ਦਾਸ ਭੀ ਉਸ ਸਮਾਗਮ ਵੇਲੇ ਅੰਦਰ ਹੀ ਸੀ। ਅਭਿਲਾਖੀ ਜਨਾਂ ਨੂੰ ਵਾਰੀ ਵਾਰੀ ਅੰਮ੍ਰਿਤ ਛਕਾਇਆ ਜਾ ਰਿਹਾ ਸੀ। ਇਕ ਸੱਜਣ ਜਿਸ ਵੇਲੇ ਅੰਮ੍ਰਿਤ ਪਾਨ ਕਰਨ ਲਈ ਪੰਚਾਂ ਦੇ ਕੋਲ ਬੈਠੇ ਤਾਂ ਬਾਬੂ ਜੀ ਨੇ ਉਸ ਸਜਣ ਦੇ ਸਿਰ ਤੋਂ ਕੇਸਾਂ ਵਿਚ ਚੁਲੇ ਸਜਾਉਣ ਲਈ ਉਸ ਦੀ ਕੇਸਕੀ ਇਕ ਪਾਸੇ ਕਰ ਕੇ, ਉਸ ਦੇ ਸਿਰ ਤੇ ਹੱਥ ਰਖਿਆ ਤਾਂ ਬਾਬੂ ਜੀ ਅਬੜ-ਵਾਹੇ ਬੋਲੇ, ਓਏ ਤੈਂ ਤਾਂ ਅੰਮ੍ਰਿਤ ਛਕਿਆ ਹੋਇਆ ਹੈ, ਤੂੰ ਕੀ ਲੈਣ ਆਇਆ ਹੈਂ ?" ਉਸ ਨੇ 'ਹਾਂ' ਵਿਚ ਉਤਰ ਦਿਤਾ ਤੇ ਆਖਿਆ, 'ਜੀ, ਮੈਂ ਚੁਲਾ ਲੈਣਾ ਚਾਹੁੰਦਾ ਹਾਂ।' ਬਾਬੂ ਜੀ ਬੋਲੇ, "ਤੈਨੂੰ ਅੰਮ੍ਰਿਤ ਦੀ ਲੋੜ ਨਹੀਂ, ਪਰੇ ਹੋ ਕੇ ਬੈਠ ਜਾ, ਮਗਰੋਂ ਚੁਲਾ ਲੈ ਲਵੀਂ।" ਚਲਦੇ ਸਮਾਗਮ ਵਿਚ ਤਾਂ ਕੋਈ ਗੱਲ ਕਰਨੀ ਮੁਨਾਸਬ ਨਹੀਂ ਹੁੰਦੀ। ਬਾਬੂ ਜੀ ਫੇਰ ਕਿਤੇ ਨਵਾਂ ਸ਼ਹਿਰ ਆਪਣੇ ਪਰਮ ਸਨੇਹੀ ਭਾਈ ਮੁਨਸ਼ਾ ਸਿੰਘ ਦੇ ਗ੍ਰਹਿ ਵਿਖੇ ਆਏ ਤਾਂ ਦਾਸ ਨੇ ਉਨ੍ਹਾਂ ਤੋਂ ਪੁਛਿਆ ਕਿ ਆਪ ਜੀ ਨੇ ਲੁਧਿਆਣੇ ਸਮਾਗਮ ਵਿਚ ਇਕ ਸੱਜਣ ਦੇ ਸਿਰ ਤੇ ਹੱਥ ਲਗਦਿਆਂ ਹੀ ਆਖਿਆ ਸੀ ਕਿ "ਓਏ ਤੈਂ ਤਾਂ ਅੰਮ੍ਰਿਤ ਛਕਿਆ ਹੋਇਆ ਹੈ", ਇਸ ਦਾ ਭਾਵ ਇਹ ਹੋਇਆ ਕਿ ਅੰਮ੍ਰਿਤ-ਧਾਰੀ ਸਜਣਾਂ ਦੇ ਅੰਦਰ ਕੋਈ ਖ਼ਾਸ ਕਲਾ ਵਰਤਦੀ ਹੈ, ਜਿਸ ਦੀ ਆਪ ਜੀ ਨੂੰ ਪਛਾਣ ਹੈ। ਸਾਨੂੰ ਭੀ ਦਸਣ ਦੀ ਕਿਰਪਾ ਕਰੋ, ਇਸ ਦੀ ਕਿਆ ਨਿਸ਼ਾਨੀ ਹੈ ? ਆਪ ਜੀ ਨੇ ਫ਼ੁਰਮਾਇਆ ਕਿ ਇਸ ਨਿਸ਼ਾਨੀ ਦਾ ਰਾਜ਼ ਦਸਮੇਸ਼ ਪਿਤਾ ਜੀ ਤੋਂ ਸੀਨਾ-ਬ-ਸੀਨਾ ਗੁਪਤ ਹੀ ਚਲਿਆ ਆ ਰਿਹਾ ਹੈ। ਉਚਿਤ ਅਧਿਕਾਰੀ ਤਕ ਹੀ ਰਾਜ਼ ਅਗੇ ਬਖ਼ਸ਼ਿਸ਼ ਕੀਤਾ ਜਾਂਦਾ ਹੈ। ਇਸ ਰਾਜ਼ ਨੂੰ ਖੁਲ੍ਹ-ਖੇਡ ਨਹੀਂ ਬਣਾਇਆ ਜਾ ਸਕਦਾ।

ਉਪਰ ਲਿਖੇ ਇਨ੍ਹਾਂ ਵਾਕਿਆਤ ਦੀ ਰੋਸ਼ਨੀ ਵਿਚ ਹੇਠ ਲਿਖੇ ਨਤੀਜੇ ਨਿਕਲਦੇ ਹਨ—

(ੳ) ਅੰਮ੍ਰਿਤ ਸਮਾਗਮ ਵਿਚ ਪੂਰਨ ਗੁਰਸਿਖ ਹੀ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੋਣ ਦੇ ਅਧਿਕਾਰੀ ਹਨ— ਢਿਲੇ ਮੱਠੇ ਸੱਜਣ ਆਪ ਸ਼ਾਮਲ ਹੋਣ ਤੋਂ ਪ੍ਰਹੇਜ਼ ਕਰਨ।

(ਅ) ਅੰਮ੍ਰਿਤ-ਸਮਾਗਮ ਵਿਚ ਸਤਿਗੁਰੂ ਆਪ ਖ਼ੁਦ ਗੁਪਤ ਰੂਪ ਵਿਚ ਮੌਜੂਦ ਹੋ ਕੇ ਅੰਮ੍ਰਿਤ-ਕਲਾ ਵਰਤਾਉਂਦੇ ਹਨ। "ਅਨਹਦ ਸ਼ਬਦ ਦਸਮ ਦੁਆਰ" ਪੁਸਤਕ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ ਕਿ "ਗੁਰੂ ਘਰ ਦੇ ਗੁਰਮੁਖ ਜਨਾਂ ਪਿਆਰਿਆਂ ਅੰਦਰ ਅੰਮ੍ਰਿਤ ਤਿਆਰ ਕਰਨ ਸਮੇਂ ਅਜ਼ਗੈਬੀ ਅਮਰ ਧੁਰ-ਦਰਗਾਹੀ ਹੁਕਮ ਇਲਾਹੀ ਅੰਦਰ ਇਨ ਬਿਨ ਸਤਿਗੁਰੂ ਕਲਾ-ਧਾਰੀ ਦੀਆਂ ਅਰਸ਼ੋਂ ਬਰਕਤਾਂ ਵਾਲੀ ਕਲਾ ਵਰਤਦੀ ਹੈ।"


www.AKJ.Org

(ੲ) ਅੰਮ੍ਰਿਤ ਪਾਨ ਕਰਨ ਵੇਲੇ ਸਾਡੇ ਅੰਦਰ ਕੋਈ ਖ਼ਾਸ ਕਲਾ ਵਰਤਦੀ ਹੈ, ਜਿਸ ਨੂੰ ਅੰਦਰ ਕਾਇਮ ਰਖਣਾ ਅਤੀ ਜ਼ਰੂਰੀ ਹੈ।

**ਪੰਥ ਦੀ ਮੌਜੂਦਾ ਦੁਰਦਸ਼ਾ ਦਾ ਕਾਰਨ :–**

ਪੰਥ ਇਸ ਵੇਲੇ ਅਤਿ ਦੀ ਦੁਰਦਸ਼ਾ ਵਿਚੋਂ ਲੰਘ ਰਿਹਾ ਹੈ। ਇਸ ਦੁਰਦਸ਼ਾ ਲਈ ਅਸੀਂ ਆਪ ਜ਼ਿਮੇਵਾਰ ਹਾਂ। ਕਿਸੇ ਨਾਲ ਗਿਲਾ ਕਰਨ ਨਾਲੋਂ ਆਪਣੀ ਸੁਧਾਈ ਦੀ ਲੋੜ ਹੈ। ਵੇਖਿਆ ਜਾਂਦਾ ਹੈ ਕਿ ਅੱਜ ਕਲ੍ਹ ਥਾਂ-ਪਰ-ਥਾਂ ਅੰਮ੍ਰਿਤ-ਸਮਾਗਮ ਕੀਤੇ ਜਾਂਦੇ ਹਨ। ਜਥੇਦਾਰ ਜੀ ਦੇ ਲਫ਼ਜ਼ਾਂ ਅਨੁਸਾਰ ਥਾਂ-ਪਰ-ਥਾਂ "ਛਬੀਲਾਂ" ਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਪੰਚਾਂ ਦੀ ਸੇਵਾ ਵਿਚ ਸਧਾਰਨ ਸਿੱਖਾਂ ਨੂੰ ਲੈ ਲਿਆ ਜਾਂਦਾ ਹੈ। ਸਧਾਰਨ ਢਿਲੜ ਸਿਖਾਂ ਹਥੀਂ ਅੰਮ੍ਰਿਤ-ਕਲਾ ਕਿਵੇਂ ਵਰਤੇ ? ਅੰਮ੍ਰਿਤ-ਕਲਾ ਤੋਂ ਬਗ਼ੈਰ ਸਿੰਘ ਕਿਵੇ ਸਜੇ ? ਕਈ ਥਾਈਂ ਦੇਖਿਆ ਗਿਆ ਹੈ ਕਿ ਮਾਸ (ਝਟਕਾ) ਖਾਣ ਦੀ ਖੁਲ੍ਹੀ ਆਗਿਆ ਦਿਤੀ ਜਾਂਦੀ ਹੈ। ਉਹ ਸਜਣ ਹਲਾਲ ਨੂੰ ਕੁਰਹਿਤ ਤੇ ਝਟਕੇ ਨੂੰ ਜਾਇਜ਼ ਦਸਦੇ ਹਨ। ਕਲਗੀਧਰ ਜੀ ਨੇ "ਕੁੱਠਾ" ਮਨ੍ਹਾ ਕੀਤਾ ਹੈ। ਕੁੱਠਾ ਦਾ ਅਰਥ ਹੈ ਕੁਹ ਕੇ ਜਾਂ ਬੇਰਹਿਮੀ ਨਾਲ ਮਾਰਨਾ। ਝਟਕੇ ਦੇ ਸ਼ੌਕੀਨ ਸਜਣਾਂ ਤੋਂ ਦਾਸ ਪੁਛਦਾ ਹੈ ਕਿ ਤੁਸੀਂ ਕਿਸੇ ਜੀਵ ਨੂੰ ਕਤਲ ਵੀ ਕਰਦੇ ਹੋ ਤੇ ਰਹਿਮ-ਦਿਲ ਭੀ ਅਖਵਾਉਣਾ ਚਾਹੁੰਦੇ ਹੋ। ਕਿਵੇਂ ? ਬੱਜਰ ਕੁਰਹਿਤ "ਕੁੱਠਾ" ਦੀ ਵਰਤੋਂ ਕਰ ਕੇ ਤੁਹਾਡੇ ਅੰਦਰ ਅੰਮ੍ਰਿਤ-ਕਲਾ ਕਿਵੇਂ ਕਾਇਮ ਰਹਿ ਸਕਦੀ ਹੈ ? ਸਿੰਘ ਸਜਣ ਤੋਂ ਪਿਛੋਂ ਚਾਰੇ ਬੱਜਰ ਕੁਰਹਿਤਾਂ ਤੋਂ ਬਚਣਾ ਜ਼ਰੂਰੀ ਹੈ, ਤਾਂ ਹੀ ਅੰਮ੍ਰਿਤ-ਕਲਾ ਅੰਦਰ ਕਾਇਮ ਰਹਿ ਸਕਦੀ ਹੈ, ਵਰਨਾ ਨਹੀਂ। ਇਥੇ "ਗੁਰਮਤਿ ਕਰਮ ਫ਼ਿਲਾਸਫ਼ੀ" ਵਿਚੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਹੇਠ ਲਿਖੇ ਸ਼ਬਦ ਦੇਣੇ ਹੀ ਆਕਲੇ ਰਾ ਇਸ਼ਾਰਾ ਕਾਫ਼ੀ ਅਸਤ–

"......ਬੇਖ਼ਾਸ ਤੇ ਬੇਖ਼ਾਲਸ ਮਲੇਛੀ ਭੇਖੀ ਬੰਦੇ, ਜੋ ਨਾਮ ਅਭਿਆਸ ਦੇ ਨੇੜੇ ਨਹੀਂ ਜਾਂਦੇ, 'ਖਾਲਸਾ' ਸਦਾਉਣ ਦੇ ਅਧਿਕਾਰੀ ਨਹੀਂ। ਅਜੇਹੇ ਮੰਦ-ਕਰਮੀ ਮਲੇਛ ਖਾਲਸੇ ਨੇ ਹੀ ਪੰਥ ਨੂੰ ਬਦਨਾਮ ਕੀਤਾ ਹੈ। ਦਿਨ ਆਵੇਗਾ ਕਿ ਓਹ ਪਰਸਪਰ ਖਹਿ ਖਹਿ ਕੇ ਹੀ ਖੈ ਹੋ ਜਾਣਗੇ। ਤੱਤ ਨਰੋਤਮੀ ਖਾਲਸਾ ਕੌਮ ਜੁਗੋ ਜੁਗ ਅਟੱਲ ਤੇ ਅਮਰ ਰਹੇਗੀ।"

ਆਓ ਹੁਣ ਜ਼ਰਾ ਆਪਣੇ ਅਸਲ ਮਜ਼ਮੂਨ ਵੱਲ ਆਈਏ। ਅੰਮ੍ਰਿਤ ਪਾਨ ਕਰਨ ਵੇਲੇ ਅੰਮ੍ਰਿਤ-ਅਭਲਾਖੀ ਅੰਦਰ ਅੰਮ੍ਰਿਤ-ਕਲਾ ਵਰਤਦੀ ਹੈ, ਜਿਸ ਨਾਲ ਗੁਪਤ ਨਾਮ ਪਰਗਟ ਹੋ, ਨਾਮ ਦੀ ਗੁਪਤ ਰੌ ਅੰਦਰ ਚਲ ਪੈਂਦੀ ਹੈ। ਗੁਰ-ਮੰਤਰ ਦੀ ਬਖਸ਼ਿਸ਼ ਕਰ, ਸਵਾਸ ਅਭਿਆਸੀ ਜਾਪ ਦੀ ਵਿਧੀ ਦ੍ਰਿੜ੍ਹ ਕਰਵਾਈ ਜਾਂਦੀ ਹੈ। 'ਗੁਰ-ਸ਼ਬਦ' ਦੀ ਅਨਦਿਨ ਕਮਾਈ ਕਰ ਕੇ ਅੰਦਰ ਦੀ ਰੌ ਨਾਲ ਜੁੜਨਾ ਹੁੰਦਾ ਹੈ। ਜਦੋਂ ਅਸੀਂ ਇਸ ਰੌ ਨਾਲ ਜੁੜ ਜਾਂਦੇ ਹਾਂ ਤਾਂ ਸਾਡਾ ਅਭਿਆਸ ਆਪ-ਮੁਹਾਰਾ ਚਲ ਪੈਂਦਾ ਹੈ, ਨਿਰਯਤਨ ਹੀ ਚਲਦਾ ਰਹਿੰਦਾ ਹੈ, ਜਿਸ ਨੂੰ ਗੁਰਬਾਣੀ ਵਿਚ ਅਜੱਪਾ-ਜਾਪ ਆਖਿਆ ਗਿਆ ਹੈ। ਦੇਖਿਆ ਗਿਆ ਹੈ ਕਿ ਵਿਰਲੇ ਵਡਭਾਗੇ ਸੱਜਣ ਐਸੇ ਭੀ ਹੁੰਦੇ ਹਨ ਜਿਨ੍ਹਾਂ ਦਾ ਨਾਮ ਦਾ ਤੋਰਾ ਅੰਮ੍ਰਿਤ ਛਕਦੇ ਸਾਰ ਐਸਾ ਚਲਦਾ ਹੈ ਕਿ ਜਗਿਆਸੂ ਲਈ ਇਸ ਦੀ ਝਾਲ ਝਲਣੀ ਔਖੀ ਹੋ ਜਾਂਦੀ ਹੈ। ਪੰਚ ਗੁਰਮੁਖ ਹੀ ਇਸ ਨੂੰ ਜਰਨ ਲਈ ਸਹਾਈ ਹੁੰਦੇ ਹਨ।

ਆਮ ਲੋਕੀ ਅੰਮ੍ਰਿਤ ਪਾਨ ਕਰਨ ਨੂੰ ਸਿੱਖੀ ਧਰਮ ਵਿਚ ਪਰਵੇਸ਼ ਕਰਨ ਲਈ ਸਧਾਰਨ ਰਸਮ ਸਮਝਦੇ ਹਨ, ਜਦੋਂ ਕਿ ਗੁਰਮਤਿ ਦਾ ਸਾਰਾ ਹੀ ਰਾਜ਼ ਅੰਮ੍ਰਿਤ-ਕਲਾ ਵਿਚ ਲੁਪਤ ਹੈ। ਅੰਮ੍ਰਿਤ-ਕਲਾ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਦੋ ਗੱਲਾਂ ਦਾ ਖ਼ਾਸ ਧਿਆਨ ਰਖਣ ਦੀ ਲੋੜ ਹੈ। ਸਭ ਤੋਂ ਪਹਿਲਾਂ ਅਤੀ ਜ਼ਰੂਰੀ ਹੈ ਕਿ ਪੰਚਾਂ ਵਲੋਂ ਦ੍ਰਿੜ੍ਹਾਈਆਂ ਚਾਰ ਬੱਜਰ ਕੁਰਹਿਤਾਂ ਤੋਂ ਬਚਣਾ ਹੈ। ਇਕ ਭੀ ਬੱਜਰ ਕੁਰਹਿਤ ਹੋਣ ਨਾਲ ਅੰਮ੍ਰਿਤ-ਕਲਾ ਮੁੜ ਤੋਂ ਗੁਪਤ ਰੂਪ ਵਿਚ ਚਲੀ ਜਾਵੇਗੀ ਤੇ ਅਸੀਂ ਖਾਲੀ ਦੇ ਖਾਲੀ ਰਹਿ ਜਾਵਾਂਗੇ। ਦੂਸਰੀ ਗੱਲ ਜਪੁ ਜੀ ਸਾਹਿਬ ਵਿਚ ਦੱਸੀ "ਰਜ਼ਾ" ਤੇ ਪਹਿਰਾ ਦੇਣਾ–ਸਦਾ ਹੀ ਸੁਕਰਮਾਂ ਨੂੰ ਕਰਨਾ ਹੈ ਤੇ ਕੁਕਰਮਾਂ ਤੋਂ ਬਚਣਾ ਹੈ। "ਕੁਕਰਮਾਂ"



www.AKJ.Org

ਦੇ ਕਰੀ ਜਾਣ ਨਾਲ ਨਾਮ ਦੀ ਖੜਦੀ ਕਲਾ ਹੋ ਜਾਵੇਗੀ। ਖੜਦੀ ਕਲਾ ਤੋਂ ਨਿਘਰਦੀ ਕਲਾ ਵਿਚ ਜਾ, ਇਸ ਤੋਂ ਖ਼ਾਲੀ ਹੋ ਜਾਵਾਂਗੇ। ਇਸ ਲਈ "ਰਜ਼ਾ" ਤੇ ਪਹਿਰਾ ਦੇਣਾ ਇਸ ਮਾਰਗ ਵਿਚ ਅਤਿਅੰਤ ਜ਼ਰੂਰੀ ਹੈ।

ਨਾਮ ਦੀ ਸਵਾਸ-ਗਿਰਾਸ ਕੀਤੀ ਹੋਈ ਕਮਾਈ ਦਾ ਕੀ ਫਲ ਹੁੰਦਾ ਹੈ? ਇਸ ਵਿਸ਼ੇ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਅਨੇਕਾਂ ਪੁਸਤਕਾਂ ਵਿਚ ਵਿਸਥਾਰ ਪੂਰਬਕ ਲਿਖਿਆ ਹੈ, ਜੋ ਸੰਖੇਪ ਵਿਚ ਐਉਂ ਹੈ :-

ਜ਼ਬਾਨ ਨਾਲ ਨਾਮ ਜਪਦਿਆਂ ਜ਼ਬਾਨ ਤੇ ਇਕ ਅਕਹਿ ਰੱਸ ਆਉਣ ਲਗ ਪੈਂਦਾ ਹੈ। ਇਸ ਰਸ ਵਿਚ ਮਖ਼ਮੂਰ ਹੋਇਆਂ ਨਾਮ ਅਭਿਆਸ ਦੂਣ ਸਵਾਇਆ ਚਲਣ ਲਗ ਪੈਂਦਾ ਹੈ। ਬਹੁਤੇ ਸਜਣ ਇਸ ਰਸ ਬਾਰੇ ਟੱਪਲਾ ਖਾਂਦੇ ਹਨ। ਮਨ ਦੇ ਟਿਕਾਉ ਨਾਲ ਅੰਦਰ ਸ਼ਾਂਤੀ ਪੈਦਾ ਹੁੰਦੀ ਹੈ। ਸ਼ਾਂਤਿ-ਚਿਤ ਇਕ ਖ਼ੁਸ਼ੀ ਜਿਹੀ ਮਹਿਸੂਸ ਕਰਦਾ ਹੈ। ਕਈ ਸਜਣ, ਜਿਨ੍ਹਾਂ ਅਸਲ ਰਸ ਤਾਂ ਚਖਿਆ ਨਹੀਂ ਹੁੰਦਾ, ਉਹ ਇਸ ਖ਼ੁਸ਼ੀ ਜਿਹੀ ਨੂੰ ਹੀ ਰਸ ਸਮਝਦੇ ਹਨ। ਦਾਸ ਦੇ ਸਾਹਮਣੇ ਇਕ ਪੁਸਤਕ ਪਈ ਹੈ, ਜੋ ਕਿਸੇ ਪ੍ਰੇਮੀ ਨੇ ਪ੍ਰੇਮ ਪੂਰਬਕ ਪੜ੍ਹਨ ਲਈ ਸਿਫ਼ਾਰਸ਼ ਕੀਤੀ ਹੈ। ਇਸ ਪੁਸਤਕ ਦੇ ਕਰਤਾ ਜੀ ਨੇ ਭੀ ਇਸ ਸ਼ਾਂਤੀ ਨੂੰ ਹੀ ਰਸ ਕਰ ਕੇ ਆਖਿਆ। ਪਰ ਐਸਾ ਨਹੀਂ ਹੈ। ਜਿਨ੍ਹਾਂ ਸਜਣਾਂ ਨੂੰ ਇਹ ਰਸ ਆਇਆ ਉਹ ਦਸਦੇ ਹਨ ਕਿ ਇਹ ਇਕ ਖ਼ਾਸ ਕਿਸਮ ਦੀ ਮਿਠਾਸ ਹੈ, ਜੋ ਦੁਨਿਆਵੀ ਮਿਠਾਸਾਂ ਤੋਂ ਵਿਲੱਖਣ ਹੈ। ਇਸ ਰਸ ਵਿਚ ਮਗਨ ਹੋ, ਨਾਮ ਜਪਦਿਆਂ ਜਪਦਿਆਂ ਸਵਾਸ ਨਾਭੀ ਵਿਚ ਰੁਕ ਜਾਂਦੇ ਹਨ, ਪਰ ਨਾਮ ਅਭਿਆਸ ਜਾਰੀ ਰਹਿੰਦਾ ਹੈ। 'ਊਂਧ ਕੰਵਲ ਵਿਗਸਾਂਤ',* ਭਾਵ, ਨਾਭੀ ਦਾ ਮੂਧਾ ਪਿਆ ਕੰਵਲ ਸਿਧਾ ਹੋ ਕੇ ਖਿੜ ਜਾਂਦਾ ਹੈ-"ਪਰਗਾਸੁ ਭਇਆ ਕਉਲੁ ਖਿਲਿਆ"† ਕੰਵਲ ਦੇ ਖਿੜਨ ਤੇ ਇਸ ਵਿਚ ਪਰਕਾਸ਼ ਪੈਦਾ ਹੋ ਜਾਂਦਾ ਹੈ।

ਨਾਭੀ ਤੋਂ ਸਵਾਸ ਉਲਟ ਕੇ ਕਿਸੀ ਵੇਲੇ ਦਸਮ ਦੁਆਰ ਪਹੁੰਚਦੇ ਹਨ। ਕੁੰਡਲਨੀ ਦਾ ਸੁਲਝਣਾ, ਸੁਖਮਨਾ ਨਾੜੀ ਵਿਚ ਸਵਾਸਾਂ ਦਾ ਚਲਣਾ, ਪਿਛੇ ਦਸੀ ਸਿਲ ਤੇ ਖਿੜਕੀ ਦਾ ਖੁਲ੍ਹਣਾ, ਇਹ ਸਾਰੀ ਕਿਰਿਆ ਬਗ਼ੈਰ ਖ਼ਾਸ ਯਤਨ ਕੀਤਿਆਂ ਆਪਣੇ ਆਪ ਪੂਰੀ ਹੋ ਜਾਂਦੀ ਹੈ। ਸਵਾਸ, ਪਿਛੇ ਦੱਸੇ ਯੋਗੀਆਂ ਦੇ ਦਸਮ ਦੁਆਰ ਨੂੰ ਲੰਘ, ਸਿਰ ਦੀ ਚੋਟੀ ਤੇ ਅਸਲ ਦਸਮ ਦੁਆਰ ਦੇ ਗਿਰਦ ਚੱਕਰ ਕਟਦੇ ਹਨ-

"ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ" (ਵਾਰ ਰਾਮਕਲੀ ਮ: ੩, ਪੰਨਾ ੯੫੪)

ਵਾਲਾ ਵਰਤਾਰਾ ਵਰਤੀਜ ਕੇ ਦਸਮ ਦੁਆਰ ਦੇ ਬੱਜਰ ਕਪਾਟ ਖੁਲ੍ਹ ਜਾਂਦੇ ਹਨ। "ਗੁਰ ਸਬਦੀ ਗੋਵਿੰਦੁ ਗਜਿਆ" (੧੩੧੫) ਅਨੁਸਾਰ ਦਸਮ ਦੁਆਰ ਅਕਾਲ ਪੁਰਖ ਦਾ ਮਿਲਾਪ ਹੋ ਜਾਂਦਾ ਹੈ। ਦਸਮ ਦੁਆਰ ਵਿਖੇ ਜੋ ਪ੍ਰਕਾਸ਼ ਹੁੰਦਾ ਹੈ, ਗੁਰਬਾਣੀ ਅਨੁਸਾਰ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਸਮਾਨ ਹੈ। ਨਾਭੀ ਤੇ ਜੋ ਪ੍ਰਕਾਸ਼ ਹੁੰਦਾ ਹੈ, ਉਹ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ। ਨਾਭੀ ਤੇ ਆਤਮਾ ਦਾ, ਅਤੇ ਦਸਮ ਦੁਆਰ ਵਿਖੇ ਅਕਾਲ ਪੁਰਖ ਦਾ ਪ੍ਰਕਾਸ਼ ਹੁੰਦਾ ਹੈ। ਨਾਭੀ ਦਾ ਪ੍ਰਕਾਸ਼ ਦਸਮ ਦੁਆਰ ਦੇ ਪ੍ਰਕਾਸ਼ ਨਾਲ ਮਿਲ ਕੇ ਇਕ-ਮਿਕ ਹੋ ਜਾਂਦੇ ਹਨ। "ਸੂਰਜ ਕਿਰਣਿ ਮਿਲੇ" (੮੪੬) ਜਾਂ "ਜਿਉ ਜਲ ਮਹ ਜਲੁ ਆਇ ਖਟਾਨਾ" (੨੭੮) ਦਾ ਵਰਤਾਰਾ ਵਰਤ, ਜੀਵ-ਆਤਮਾ, ਪਰਮ-ਆਤਮਾ ਨਾਲ ਮਿਲ, ਘੁਲ-ਮਿਲ-ਘਿਚ ਹੋ ਜਾਂਦੀ ਹੈ। ਸਾਡਾ ਉਦੇਸ਼

"ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ" ॥੧੧॥ (ਪੰਨਾ ੧੪੨੬)

ਪੂਰਾ ਹੋ, ਸਾਡੀ ਜੀਵਨ-ਯਾਤਰਾ ਸਫਲ ਹੋ ਜਾਂਦੀ ਹੈ।

ਬਹੁਤ ਸੰਖੇਪ ਨਾਲ ਇਸ ਨੂੰ ਬਿਆਨ ਕੀਤਾ ਹੈ, ਵਿਸਥਾਰ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿਚੋਂ ਪੜ੍ਹ ਸਕਦੇ ਹੋ। ਦਾਸ ਇਹ ਫ਼ੈਸਲਾ ਕਰਨਾ ਪਾਠਕਾਂ ਤੇ ਛਡਦਾ ਹੈ ਕਿ "ਸੋਚ", "ਮਨ ਦੀ ਚੁਪ", "ਭੁਖ ਦੀ ਤ੍ਰਿਪਤੀ" ਅਤੇ "ਸਿਆਣਪ" ਸਾਡਾ ਜੀਵਨ-ਉਦੇਸ਼ ਪੂਰਦੀ ਹੈ ਜਾਂ "ਹੁਕਮ" ਤੇ "ਰਜ਼ਾ" ਦਾ ਸਿਧਾਂਤ ਸਾਨੂੰ ਅਕਾਲ ਪੁਰਖ ਨਾਲ ਮਿਲਾਪ ਕਰਾਉਂਦਾ ਹੈ?

[ਚਲਦਾ]

*ਗਉੜੀ ਬਾਵਨ ਅਖਰੀ ਮ: ੫, ਸਲੋਕ ੨੨, ਪੰਨਾ ੨੫੪ †ਗਉੜੀ ਮ: ੫, ੪॥੪, ਪੰਨਾ ੨੪੯



www.AKJ.Org

# ਗੁਰਦੁਆਰਾ ਪੰਜਾ ਸਾਹਿਬ ਤੇ ਕਬਜ਼ਾ (੨)

[ਭਾਈ ਨਰੈਣ ਸਿੰਘ ਜੀ ਐਮ.ਏ., ਸਾਬਕ ਮੈਨੇਜਰ ਨਨਕਾਣਾ ਸਾਹਿਬ ਐਸਟੇਟ]

(ਲੜੀ ਜੋੜਨ ਲਈ ਵੇਖੋ 'ਸੂਰਾ' ਮਾਰਚ ੧੯੯੯)

ਅਕਾਲ ਤਖ਼ਤ ਸਾਹਿਬ ਤੇ ਕਬਜ਼ਾ ਹੋਣ ਪਿਛੋਂ ਪੰਜਾ ਸਾਹਿਬ ਦੇ ਮਹੰਤ ਮਿੱਠਾ ਸਿੰਘ ਦੀ ਅਕਾਲੀਆਂ ਦੇ ਸਹਿਮ ਨਾਲ ਮੌਤ ਹੋ ਜਾਣੀ ਸ: ਕਰਤਾਰ ਸਿੰਘ ਜੀ ਝੱਬਰ ਦਾ ਜਥੇ ਸਮੇਤ ਅਰਦਾਸਾ ਸੋਧ ਕੇ ਪੰਜਾ ਸਾਹਿਬ ਦੇ ਕਬਜ਼ੇ ਲਈ ਉਥੇ ਪੁਜਣਾ, ਪੁਲਸ ਫ਼ੋਰਸ ਦਾ ਪਹੁੰਚਣਾ, ਮਹੰਤ ਦੇ ਭਰਾ—ਭਾਈ ਸੰਤ ਸਿੰਘ ਵਲੋਂ ਬਦਮਾਸ਼ ਝਗੜਾ ਕਰਨ ਲਈ ਲਿਆਉਣੇ, ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹਿੰਦੂਆਂ ਨੂੰ ਅਕਾਲੀਆਂ ਦੇ ਬਰਖਿਲਾਫ਼ ਭੜਕਾਉਣ ਦੀ ਚਾਲ ਅਤੇ ਝੱਬਰ ਦਾ ਖਾਲਸੇ ਦੇ ਉਚ ਆਚਰਨ ਪ੍ਰਗਟ ਕਰਨ ਬਾਰੇ ਪੁਰ-ਅਸਰ ਵਿਆਖਿਆਨ ਪਿਛਲੀ ਕਿਸ਼ਤ ਵਿਚ ਦਿਤੇ ਗਏ ਹਨ। ਪੰਜਾ ਸਾਹਿਬ ਤੇ ਕਬਜ਼ਾ ਕਰਨ ਦੇ ਬਾਕੀ ਅੱਖੀਂ ਡਿਠੇ ਸਮਾਚਾਰ ਇਸ ਲੇਖ ਵਿਚ ਪੜ੍ਹੋ ਜੀ। —ਸੰਪਾਦਕ

ਐਬਟਾਬਾਦ ਦੇ ਸਿੰਘਾਂ ਨੂੰ ਪੰਜੇ ਸਾਹਿਬ ਆਉਣ ਵਾਲੇ ਜਥੇ ਦੀ ਖ਼ਬਰ ਪੁਜ ਗਈ ਹੋਈ ਸੀ। ਉਨ੍ਹਾਂ ਨੇ ਮੀਟਿੰਗ ਕੀਤੀ ਅਤੇ ਅਗਲੇ ਭਲਕ ਦੋ ਵਜੇ ਸ੍ਰੀ ਮਾਨ ਮਲਕ ਦੇਵਾ ਸਿੰਘ ਜੀ (ਮਲਕ ਹਰਦਿਤ ਸਿੰਘ ਦੇ ਚਾਚੇ) ਬਾਰ੍ਹਾਂ ਸਿੰਘਾਂ ਦਾ ਜਥਾ ਲੈ ਕੇ ਪੰਜਾ ਸਾਹਿਬ ਪਜ ਗਏ। ਜਥੇਦਾਰ (ਝੱਬਰ ਜੀ) ਨੂੰ ਪੁਛਿਆ ਕਿ ਲੰਗਰ ਦਾ ਕੀ ਪਰਬੰਧ ਹੈ? ਤਾਂ ਝੱਬਰ ਜੀ ਨੇ ਕਿਹਾ, "ਸਾਡਾ ਦਿਲ ਤਾਂ ਨਹੀਂ ਕਰਦਾ ਕਿ ਅਸੀਂ ਇਨ੍ਹਾਂ ਪਾਸੋਂ ਰਸਦ ਲੈ ਕੇ ਖਾਈਏ, ਪਰ ਸਾਡੇ ਪਾਸ ਮਾਇਆ ਨਹੀਂ। ਇਸ ਵਾਸਤੇ ਮਹੰਤ ਸੰਤ ਸਿੰਘ ਪਾਸੋਂ ਰਸਦ ਲੈ ਕੇ ਛਕਦੇ ਹਾਂ।" ਤਾਂ ਮਲਕ ਜੀ ਨੇ ਕਿਹਾ, "ਮੈਂ ਤੁਹਾਡੇ ਲੰਗਰ ਵਾਸਤੇ ਪੰਜ ਸੌ ਰੁਪਿਆ ਲਿਆਂਦਾ ਹੈ, ਆਹ ਲਓ। ਜਦ ਇਹ ਖ਼ਰਚ ਹੋ ਗਿਆ ਤਾਂ ਮੈਂ ਹੋਰ ਮੰਗਵਾ ਲਵਾਂਗਾ।" ਮਲਕ ਜੀ ਸਿੰਘਾਂ ਨੂੰ ਨਾਲ ਲੈ ਜਾ ਕੇ ਬਜ਼ਾਰੋਂ ਦਸ ਬੋਰੀਆਂ ਆਟਾ, ਦਾਲਾਂ, ਲੂਣ ਮਿਰਚ ਮਸਾਲਾ, ਖੰਡ, ਬਦਾਮ ਲੈ ਆਏ। ਜਥੇ ਨੇ ਰਾਤ ਨੂੰ ਆਪਣੀ ਰਸਦ ਦਾ ਲੰਗਰ ਤਿਆਰ ਕਰ ਕੇ ਛਕਿਆ।

ਅਗਲੇ ਭਲਕ ਪੰਥ ਦੇ ਅਨਿੰਨ ਸੇਵਕ ਭਾਈ ਗੋਪਾਲ ਸਿੰਘ ਜੀ ਸਾਗਰੀ ਵਾਲੇ ਜਥੇ ਸਮੇਤ ਆ ਪੁਜੇ। ਉਪਰੰਤ ਗੁਜਰਖ਼ਾਨ ਦਾ ਜਥਾ ਵੀ ਆ ਪੁਜਾ। ਪਿੰਡਾਂ ਵਿਚੋਂ ਰਾਤ ਦੀ ਗਡੀ ਹੋਰ ਵੀ ਸਿੰਘ ਪੁਜ ਗਏ। ਅਗਲੇ ਦਿਨ ਰਾਵਲਪਿੰਡੀ ਤੋਂ ਸਿੰਘ ਸਭਾ ਦੇ ਪ੍ਰਬੰਧਕ ਤੇ ਗਿਆਨੀ ਸ਼ੇਰ ਸਿੰਘ ਜੀ ਵੀ ਪੁਜ ਗਏ। ਜਿਹੜਾ ਜਥਾ ਆਵੇ, ਭਾਵੇਂ ਪੰਜ ਸਿੰਘਾਂ ਦਾ ਹੀ ਹੋਵੇ, ਬੜੇ ਜੋਸ਼ ਨਾਲ ਸ਼ਬਦ ਪੜ੍ਹਦਾ ਆਵੇ। ਖ਼ਾਲੀ ਹਥੀਂ ਕੋਈ ਨਹੀਂ ਸੀ ਆਉਂਦਾ, ਸੈਂਕੜੇ ਰੁਪਏ ਲੰਗਰ ਲਈ ਸੰਗਤਾਂ ਨੇ ਅਰਦਾਸੇ ਕਰਵਾਏ। ਲੰਗਰ ਵਿਚ ਹੁਣ ਕੋਈ ਤਰੁਟੀ ਨਾ ਰਹੀ ਤੇ ਹਰ ਰੋਜ਼ ਗਹਿਮਾ ਗਹਿਮ ਲੰਗਰ ਚਲਿਆ ਕਰੇ। ਬਾਹਰੋਂ ਆਈ ਮਾਇਆ ਮਲਕ ਦੇਵਾ ਸਿੰਘ ਪਾਸ ਜਮ੍ਹਾ ਕੀਤੀ ਜਾਂਦੀ ਸੀ ਤੇ ਉਨ੍ਹਾਂ ਦੇ ਮੁਨੀਮ ਭਾਈ ਦੂਨਾ ਸਿੰਘ ਜੀ ਪਾਸ ਹਿਸਾਬ ਕਿਤਾਬ ਸੀ।

ਸਿੰਘ ਸਭਾ ਰਾਵਲਪਿੰਡੀ ਦੇ ਸੇਵਕਾਂ ਨੇ ਮਹੰਤ ਸੰਤ ਸਿੰਘ ਜੀ ਨੂੰ ਝੱਬਰ ਦੇ ਡੇਰੇ ਬੁਲਾਇਆ ਤੇ ਸਮਝਾਇਆ। ਸਮਝੌਤੇ ਦੀ ਗੱਲ ਬਾਤ ਹੋਈ, ਜੋ ਸੰਤ ਸਿੰਘ ਨੇ ਮੰਨ ਲਈ। ਮਹੰਤਣੀ ਅਤੇ ਉਸਦੇ ਸਾਰੇ ਪਰਵਾਰ ਦੀ ਗੁਰਦੁਆਰਾ ਸਾਹਿਬ ਵਲੋਂ ਪੈਨਸ਼ਨ ਮੁਕੱਰਰ ਕੀਤੀ ਗਈ। ਮਹੰਤ ਮਿਠਾ ਸਿੰਘ ਦੇ ਲੜਕਿਆਂ ਲੜਕੀਆਂ ਨੂੰ ਪੜ੍ਹਾਉਣ ਦਾ ਖ਼ਰਚ ਵੀ ਗੁਰਦੁਆਰੇ ਵਲੋਂ ਮੰਨ ਲਿਆ ਗਿਆ। ਪੰਜਾਹ ਰੁਪਏ ਮਾਹਵਾਰ ਮਹੰਤ ਸੰਤ ਸਿੰਘ ਨੂੰ ਦੇਣਾ ਪ੍ਰਵਾਨ ਹੋਇਆ, ਅਤੇ ਅਰਦਾਸਾ ਸੋਧਿਆ ਗਿਆ। ਮਹੰਤ ਸੰਤ ਸਿੰਘ ਨਾਲ ਜਿਹੜੇ ਆਦਮੀ ਪੰਚਾਇਤ ਬਣ ਕੇ ਸ਼ਹਿਰ ਵਿਚੋਂ ਆਏ ਸਨ, ਉਨ੍ਹਾਂ ਵਿਚੋਂ ਮਹਾਸ਼ਾ ਬਾਬੂ ਰਾਮ, ਜੋ ਆਰੀਆ ਸਮਾਜ ਹਸਨ ਅਬਦਾਲ ਦਾ ਪਰਧਾਨ ਸੀ, ਨੇ ਕਿਹਾ ਕਿ ਸਾਧ ਸੰਗਤ ਜੀ, ਅਰਦਾਸਾ ਹੋ ਗਿਆ ਹੈ, ਜਿਹੜਾ ਫਿਰੇਗਾ ਉਹ ਗੁਰੂ ਕਾ ਸਿਖ ਨਹੀਂ।

ਦੋ ਚਾਰ ਮਿੰਟਾਂ ਮਗਰੋਂ ਬਾਹਰੋਂ ਇਕ ਹਿੰਦੂ ਨੇ ਮਹੰਤ ਸੰਤ ਸਿੰਘ ਨੂੰ ਸੈਨਤ ਮਾਰੀ, ਤੇ ਸੰਤ ਸਿੰਘ



www.AKJ.Org

ਉਠ ਬੈਠਾ। ਝੱਬਰ ਨੇ ਕਿਹਾ, ਭਾਈ ਸੰਤ ਸਿੰਘ ਬੈਠ ਜਾਓ। ਸੰਤ ਸਿੰਘ ਨੇ ਕਿਹਾ ਕਿ ਮੈਂ ਜ਼ਰਾ ਬਾਹਰ ਜਾਣਾ ਹੈ। ਝੱਬਰ ਨੇ ਫਿਰ ਰੋਕਿਆ, ਪਰ ਉਹ ਨਾ ਰੁਕਿਆ ਤੇ ਬਾਹਰ ਚਲਾ ਗਿਆ। ਝੱਬਰ ਨੇ ਆਖਿਆ, "ਨਾ ਜਾਹ, ਤੈਨੂੰ ਲੋਕਾਂ ਵਿਗਾੜ ਦੇਣਾ ਏ, ਤੇ ਤੈਨੂੰ ਇਹ ਵੇਲਾ ਹੱਥ ਨਹੀਂ ਆਉਣਾ।" ਸੰਤ ਸਿੰਘ ਉਸ ਆਦਮੀ ਨਾਲ ਸ਼ਹਿਰ ਚਲਾ ਗਿਆ ਤੇ ਫਿਰ ਵਾਪਸ ਨਾ ਆਇਆ।

ਅੱਜ ਗੁਰਦੁਆਰਾ ਪੰਜਾ ਸਾਹਿਬ ਸੰਗਤਾਂ ਦੀ ਬੜੀ ਗਹਿਮਾ ਗਹਿਮ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜ ਚੁਕੀਆਂ ਸਨ। ਉਸੇ ਦਿਨ ਸ਼ਾਮ ਨੂੰ ਮਹੰਤ ਸੰਤ ਸਿੰਘ ਗੁਰਦੁਆਰੇ ਵਿਚ ਬੈਠਾ ਸੀ, ਉਸ ਦੇ ਨੌਕਰ ਨੇ ਰਹਿਰਾਸ ਸਾਹਿਬ ਦਾ ਪਾਠ ਅਰੰਭ ਕੀਤਾ। ਏਧਰ ਇਕ ਪਾਸੇ ਬੈਠਾ ਝੱਬਰ ਸੋਚ ਰਿਹਾ ਸੀ ਕਿ ਕਬਜ਼ਾ ਕਰਨ ਵਾਸਤੇ ਕੀ ਵਤੀਰਾ ਅਖ਼ਤਿਆਰ ਕੀਤਾ ਜਾਵੇ।

ਮਨ ਵਿਚ ਫ਼ੈਸਲਾ ਕੀਤਾ ਕਿ ਐਸ ਵੇਲੇ ਸੰਗਤ ਬਹੁਤ ਹੈ, ਹੁਣ ਕੋਈ ਦੇਰ ਨਹੀਂ ਕਰਨੀ ਚਾਹੀਦੀ। ਅਰਦਾਸਾ ਹੋ ਗਿਆ ਤਾਂ ਝੱਬਰ ਨੇ ਅਗਾਂਹ ਹੋ ਕੇ ਗੋਲਕ ਦੀ ਗਾਗਰ ਪਕੜ ਕੇ ਪਿਛੇ ਖੜੇ ਸੇਵਾਦਾਰ ਨੂੰ, ਜੋ ਆਪਣੇ ਜਥੇ ਦਾ ਸੀ, ਪਕੜਾ ਦਿਤੀ। ਸੰਤ ਸਿੰਘ ਗਾਗਰ ਨੂੰ ਹੱਥ ਪਾਣ ਲੱਗਾ ਤਾਂ ਝੱਬਰ ਨੇ ਝਾੜ ਦਿਤਾ ਤੇ ਆਖਿਆ ਪਿਛੇ ਹਟ। ਉਹ ਸੇਵਾਦਾਰ ਗਾਗਰ ਆਪਣੇ ਡੇਰੇ ਲੈ ਗਿਆ। ਝੱਬਰ ਨੇ ਖੜੇ ਹੋ ਕੇ ਲੈਕਚਰ ਸ਼ੁਰੂ ਕੀਤਾ ਤੇ ਸਾਰੇ ਦਿਨ ਦੀ ਕਾਰਵਾਈ, ਜਿਹੜੀ ਕਿ ਰਾਵਲਪਿੰਡੀ ਦੇ ਸਜਨਾਂ ਨੇ ਮਹੰਤ ਸੰਤ ਸਿੰਘ ਨੂੰ ਸਮਝਾਣ ਲਈ ਕੀਤੀ ਸੀ, ਸੁਣਾਈ ਅਤੇ ਕਿਹਾ ਕਿ ਉਸ ਸਮੇਂ ਜਿਹੜੀ ਹਿੰਦੂਆਂ ਦੀ ਪਾਰਟੀ ਸ਼ਹਿਰ ਵਿਚੋਂ ਆਈ ਸੀ, ਉਨ੍ਹਾਂ ਵਿਚੋਂ ਲਾਲਾ ਬਾਬੂ ਰਾਮ ਨੇ ਕਿਹਾ ਸੀ ਕਿ ਜਿਹੜਾ ਮੁਕਰ ਜਾਏ, ਉਹ ਗੁਰੂ ਕਾ ਸਿਖ ਨਹੀਂ। ਬਾਬੂ ਰਾਮ ਦੇ ਕਹਿਣ ਦੇ ਮੁਤਾਬਕ ਮਹੰਤ ਸੰਤ ਸਿੰਘ ਅਰਦਾਸਾ ਕਰ ਕੇ ਮੁੱਕਰ ਗਿਆ ਹੈ, ਜਿਸ ਕਰਕੇ ਮੈਂ ਮਤਾ ਪੇਸ਼ ਕਰਦਾ ਹਾਂ ਕਿ ਸਾਧ ਸੰਗਤ ਇਸ ਨੂੰ ਤਨਖ਼ਾਹੀਆ ਕਰਾਰ ਦੇਵੇ। ਇਸ ਦੀ ਗਿਆਨੀ ਸ਼ੇਰ ਸਿੰਘ ਨੇ ਤਾਈਦ ਕੀਤੀ ਅਤੇ ਸ: ਗੋਪਾਲ ਸਿੰਘ ਜੀ ਸਾਗਰੀ ਵਾਲੇ ਨੇ ਤਾਈਦ ਮਜੀਦ ਕੀਤੀ। ਇਹ ਮਤਾ ਸਰਬ-ਸੰਮਤੀ ਨਾਲ ਪਾਸ ਹੋਇਆ। ਝੱਬਰ ਨੇ ਦੋ ਸਿੰਘਾਂ ਨੂੰ ਕਿਹਾ ਕਿ ਤਨਖ਼ਾਹੀਏ ਮਹੰਤ ਸੰਤ ਸਿੰਘ ਨੂੰ ਕੋਈ ਹੱਕ ਨਹੀਂ ਕਿ ਏਥੇ ਬੈਠੇ, ਇਸ ਨੂੰ ਬਾਹਰ ਕਢ ਦਿਓ। ਇਹ ਜਦ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾ ਕੇ ਆਪਣੀ ਤਨਖ਼ਾਹ ਨਹੀਂ ਬਖਸ਼ਾਉਂਦਾ ਤਦ ਤਕ ਇਹ ਇਸ ਅਸਥਾਨ ਜਾਂ ਕਿਸੇ ਹੋਰ ਗੁਰ-ਅਸਥਾਨ ਦੀ ਸੇਵਾ ਨਹੀਂ ਕਰ ਸਕਦਾ। ਬਾਹਰ ਦਰਵਾਜ਼ੇ ਤੇ ਪਹਿਰਾ ਲਾ ਦਿਤਾ ਕਿ ਸੰਤ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਨਾ ਆਉਣ ਦਿਤਾ ਜਾਵੇ।

ਅਗਲੇ ਦਿਨ ਸਵੇਰੇ ਹਾਲਾ ਦੀਵਾਨ ਦਾ ਭੋਗ ਨਹੀਂ ਪਿਆ ਸੀ ਕਿ ਝੱਬਰ ਨੇ ਵੇਖਿਆ ਤਾਂ ਗੁਰਦੁਆਰਾ ਸਾਹਿਬ ਦੇ ਚਾਰੋਂ ਤਰਫ਼ ਤਿੰਨ ਚਾਰ ਹਜ਼ਾਰ ਦੇ ਲਗ ਪਗ ਹਿੰਦੂ ਡੰਡੇ ਸੋਟੇ ਪਕੜ ਕੇ ਆ ਗਏ। ਕਪਤਾਨ ਸਾਹਿਬ ਨੂੰ ਮੁਖ਼ਾਤਬ ਕਰ ਕੇ ਝੱਬਰ ਜੀ ਨੇ ਕਿਹਾ, "ਕਪਤਾਨ ਸਾਹਿਬ, ਵੇਖੋ! ਔਹ ਹਿੰਦੂ ਗੁਰਦੁਆਰਾ ਸਾਹਿਬ ਤੇ ਧਾਵਾ ਕਰਨ ਹਿਤ ਆਏ ਹਨ। ਮੇਰੇ ਪਾਸ ਪੰਝੀ ਬਾਜ਼ ਹਨ, ਜੇ ਤੁਸੀਂ ਕਹੋ ਤਾਂ ਛਡਾਂ? ਵੇਖੋ ਇਨ੍ਹਾਂ ਨੂੰ ਕਿਵੇਂ ਸ਼ਹਿਰ ਵਾੜਦੇ ਹਨ।" ਕਪਤਾਨ ਸਾਹਿਬ ਨੇ ਕਿਹਾ ਕਿ ਨਹੀਂ ਨਹੀਂ, ਮੈਂ ਖ਼ੁਦ ਇੰਤਜ਼ਾਮ ਕਰਦਾ ਹਾਂ। ਸੀਟੀ ਮਾਰੀ ਤਾਂ ਪੁਲੀਸ ਦਾ ੧੦੦ ਸਿਪਾਹੀ ਫ਼ੌਰਨ ਆ ਗਿਆ। ਹੁਕਮ ਦਿਤਾ ਕਿ ਇਨ੍ਹਾਂ ਹਿੰਦੂਆਂ ਉਤੇ, ਜੋ ਗੁਰਦੁਆਰਾ ਸਾਹਿਬ ਤੇ ਧਾਵਾ ਬੋਲ ਕੇ ਆਏ ਹਨ, ਚਲਾਓ ਡੰਡਾ, ਅਤੇ ਸਭ ਨੂੰ ਭਜਾ ਦਿਓ। ਅੰਦਰ ਵੀ ਲੜਾਈ ਸ਼ੁਰੂ ਹੋ ਗਈ। ਇਕ ਸਿੰਘ ਨੇ ਕਿਹਾ, 'ਜੀ ਅੰਦਰ ਲੜਾਈ ਹੋ ਰਹੀ ਹੈ।' ਤਾਂ ਕਪਤਾਨ ਨੇ ਕਿਹਾ, ਇਨ ਸਭ ਕੋ ਪਕੜ ਕਰ ਬਾਹਰ ਨਿਕਾਲ ਦੋ। ਤਾਂ ਇਕ-ਦਮ ਵੀਹ ਪੰਝੀ ਸਿਪਾਹੀ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋ ਗਏ ਤੇ ਉਨ੍ਹਾਂ ਨੇ ਡੰਡਾ ਖੜਕਾਣਾ ਸ਼ੁਰੂ ਕੀਤਾ। ਸੋਹਨ ਸਿੰਘ ਨਾਂ ਦਾ ਸੇਵਾਦਾਰ ਦੌੜਦਾ ਹੋਇਆ ਬਾਹਰ ਆਇਆ ਤੇ ਕਹਿਣ ਲਗਾ ਕਿ ਜਥੇਦਾਰ ਸਾਹਿਬ! ਪੁਲਸ ਤਾਂ ਸਾਨੂੰ ਮਾਰਨ ਲਗ ਪਈ ਹੈ। ਝੱਬਰ ਨੇ ਕਪਤਾਨ ਸਾਹਿਬ ਨੂੰ ਕਿਹਾ ਕਿ ਸ਼ਾਹ ਸਾਹਿਬ! ਅਸਾਂ ਬਾਹਰ ਨਹੀਂ ਨਿਕਲਣਾ, ਜੇਕਰ ਸਾਨੂੰ ਅੰਦਰੋਂ ਕਢਣਾ ਹੈ ਤਾਂ ਗੋਲੀ ਚਲਾਓ। ਤਾਂ ਕਪਤਾਨ ਨੇ ਕਿਹਾ, "ਸਿਖੋਂ ਕੋ ਮਤ ਨਿਕਾਲੋ, ਹਿੰਦੂਓ ਕੋ ਨਿਕਾਲ ਦੋ।"


www.AKJ.Org

ਪੁਲੀਸ ਨੇ ਹਿੰਦੂਆਂ ਨੂੰ ਡੰਡੇ ਮਾਰ ਕੇ ਗੁਰਦੁਆਰਾ ਸਾਹਿਬ ਚੋਂ ਬਾਹਰ ਕਢ ਦਿਤਾ। ਗੁਰਦੁਆਰੇ ਦੇ ਚਾਰੇ ਪਾਸੇ ਜਿਥੇ ਜਿਥੇ ਰਾਹ ਸਨ, ਕਪਤਾਨ ਸਾਹਿਬ ਨੇ ਪਹਿਰਾ ਬਿਠਾ ਦਿਤਾ। ਜਦ ਝੱਬਰ ਤੇ ਕਪਤਾਨ ਸਾਹਿਬ ਲਹਿੰਦੇ ਪਾਸੇ ਗਏ ਤਾਂ ਕੀ ਵੇਖਿਆ ਕਿ ਝਾੜੀ ਨਾਲ ੧੮-੨੦ ਹਿੰਦੂ ਛੁਪੇ ਹੋਏ ਸਨ। ਝੱਬਰ ਨੇ ਕਿਹਾ, "ਸ਼ਾਹ ਸਾਹਿਬ ! ਮੈਂ ਤੁਹਾਨੂੰ ਕੁਝ ਤਮਾਸ਼ਾ ਵਿਖਾਵਾਂ ?" ਝੱਬਰ ਨੇ ਦੋ ਸਿੰਘ ਬੁਲਾ ਲਏ, ਤੇ ਉਨ੍ਹਾਂ ਨੂੰ ਇਸ਼ਾਰਾ ਕੀਤਾ ਕਿ ਜ਼ਰਾ ਅਗਾਹਾਂ ਹੋਵੋ। ਉਹ ਸਿੰਘ ਝਾੜੀ ਵਲ ਵਧੇ ਤੇ ਝੱਬਰ ਨੇ ਲਲਕਾਰ ਕੇ ਉਚੀ ਦਾਬਾ ਮਾਰਿਆ ਕਿ ਪਕੜ ਲਵੋ, ਜਾਣੇ ਨਾ ਪਾਏਂ। ਉਹ ਸਾਰੇ ਹਿੰਦੂ, ਜੋ ਛੁਪੇ ਬੈਠੇ ਸਨ, ਦੌੜ ਉਠੇ, ਕਿਸੇ ਦੀ ਧੋਤੀ ਲਥੀ, ਕਿਸੇ ਦੀ ਜੁਤੀ ਰਹਿ ਗਈ, ਕਿਸੇ ਦੀ ਟੋਪੀ, ਸੋਟੇ ਵੀ ਸੁਟ ਗਏ ਅਤੇ ਵਾਹੋ ਦਾਹੀ ਸ਼ਹਿਰ ਵਿਚ ਜਾ ਘੁਸੇ।

ਝੱਬਰ ਹਰ ਰੋਜ਼ ਸਾਰੇ ਦਿਨ ਦੀ ਕਾਰਵਾਈ ਲਿਖ ਕੇ ਤੇ ਲਫ਼ਾਫ਼ੇ ਵਿਚ ਬੰਦ ਕਰ ਕੇ ਸੌਂਦਾ ਹੁੰਦਾ ਸੀ, ਜੋ ਅਕਾਲੀ ਅਖ਼ਬਾਰ ਵਿਚ ਰੋਜ਼ ਦੇ ਰੋਜ਼ ਛਪਦੀ ਸੀ। ਅੱਜ ਇਸ ਨੇ ਚਿਠੀ ਵਿਚ ਤਜਵੀਜ਼ ਲਿਖੀ ਕਿ ਵਿਰੋਧੀ ਲੋਕਾਂ ਨੂੰ ਰੋਕ ਪਾਣ ਲਈ ਦੋ ਸੌ ਸਿੰਘਾਂ ਦਾ ਇਕ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਤਿਆਰ ਰਖਿਆ ਜਾਵੇ, ਜਦ ਕਿਧਰੇ ਲੜ ਪਵੇ ਤਾਂ ਉਸ ਜਥੇ ਨੂੰ ਭੇਜਿਆ ਜਾਇਆ ਕਰੇ। ਇਹ ਤਜਵੀਜ਼ ਅਕਾਲੀ ਵਿਚ ਛਪੀ। ਇਹ ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ ਲਈ ਪਹਿਲੀ ਤਜਵੀਜ਼ ਸੀ।

ਬੁਜਦਿਲੀ ਭਰੀ ਦੂਜੀ ਸਾਜ਼ਸ਼–

ਅਗਲੇ ਦਿਨ ਮਹੰਤਣੀ ਦੇ ਨਾਲ ਦੋ ਢ ਈ ਸੌ ਦੇ ਕਰੀਬ ਔਰਤਾਂ ਦਿਨੇ ੧੦ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਵਿਖੇ ਪੁਜੀਆਂ। ਇਸ ਜਥੇ ਦੇ ਨਾਲ ਇਕ ਉਚੇ ਲੰਮੇ ਕਦ ਦੀ ਜ਼ਨਾਨੀ ਰੱਜੋ ਗੁਰਦੁਆਰਾ ਸਾਹਿਬ ਵਿਖੇ ਪੁਜ ਕੇ ਝੱਬਰ ਸਾਹਿਬ ਨੂੰ ਕਹਿਣ ਲਗੀ, "ਜਥੇਦਾਰਾ, ਤੂੰ ਵੀ ਜਥੇਦਾਰ ਹੈਂ ਤੇ ਮੈਂ ਵੀ ਜਥੇਦਾਰਨੀ ਹਾਂ, ਹੁਣ ਤੇਰਾ ਮੇਰਾ ਮੁਕਾਬਲਾ ਹੋਵੇਗਾ।" ਉਤਰ ਵਿਚ ਝੱਬਰ ਨੇ ਕਿਹਾ, 'ਰੱਜੋ, ਤੂੰ ਔਰਤ ਤੇ ਮੈਂ ਮਰਦ, ਤੇਰਾ ਮੇਰਾ ਮੁਕਾਬਲਾ ਕਾਹਦਾ ? ਜਾਹ ਲਾਲਾ ਜੀ ਨੂੰ ਭੇਜ, ਉਸ ਨਾਲ ਮੁਕਾਬਲਾ ਕਰਨਾ ਤਾਂ ਚੰਗਾ ਲਗੇਗਾ।" ਝੱਬਰ ਨੇ ਸੇਵਾਦਾਰਾਂ ਤੋਂ ਲਾਠੀਆਂ ਲੈ ਲਈਆਂ, ਤੇ ਕਿਹਾ ਕਿ ਕਿਸੇ ਨੂੰ ਕੁਝ ਨਹੀਂ ਆਖਣਾ। ਕੁਝ ਮਿੰਟ ਹੀ ਗੁਜ਼ਰੇ ਸਨ ਕਿ ਇਕ ਸਿੰਘ ਨੇ ਹਾਲ ਹਾਲ ਕੀਤੀ, "ਜਥੇਦਾਰ ਜੀ ਪਹੁੰਚਿਓ, ਮੈਨੂੰ ਮਾਰ ਗਈਆਂ। ਤੇ ਮੇਰੀ ਦਾੜ੍ਹੀ ਫੜੀ ਨੇ।"

ਗੁਰਦੁਆਰਾ ਸਾਹਿਬ ਦੇ ਅੰਦਰ ਜਾ ਕੇ ਝੱਬਰ ਨੇ ਉਸ ਨੂੰ ਕਿਹਾ, "ਵਾਹ ਵਾਹ ਖਾਲਸਾ ਜੀ, ਤੂੰ ਕਦੇ ਸਹੁਰੇ ਨਹੀਂ ਗਿਆ, ਉਥੋਂ ਸਾਲੀਆਂ ਪਾਸੋਂ ਤਾਂ ਮਾਰ ਖਾ ਲੈਂਦੇ ਹੋ, ਇਹੋ ਸਮਝ ਲੈਣਾ ਹੁਣ ਵੀ ਸਾਲੀਆਂ ਹੀ ਮਾਰ ਰਹੀਆਂ ਹਨ।" ਇਸ ਗੱਲ ਦਾ ਸਾਰੇ ਹਾਸਾ ਪੈ ਗਿਆ। ਲੌਢੇ ਵੇਲੇ ਬਹੁਤ ਸਾਰੀਆਂ ਔਰਤਾਂ ਚਲੀਆਂ ਗਈਆਂ; ਪਰੰਤੂ ਮਹੰਤਣੀ, ਸਮੇਤ ਪੰਜਾਹ ਔਰਤਾਂ ਦੇ, ਉਥੋਂ ਨਾ ਗਈ ਤੇ ਬੈਠੀ ਰਹੀ। ਇਨ੍ਹਾਂ ਦੀਆਂ ਰੋਟੀਆਂ ਵੀ ਇਥੇ ਹੀ ਆਈਆਂ। ਰਾਤ ਪੈ ਚੁਕੀ ਸੀ। ਝੱਬਰ ਨੇ ਆਪਣੀ ਰੋਜ਼ਾਨਾ ਦੀ ਕਾਰਵਾਈ ਲਿਖੀ, ਤਕਰੀਬਨ ਰਾਤ ਦੇ ਬਾਰ੍ਹਾਂ ਵੱਜ ਗਏ ਸਨ। ਔਰਤਾਂ ਗੁਰਦੁਆਰਾ ਸਾਹਿਬ ਵਿਖੇ ਬੈਠੀਆਂ ਸਨ, ਝੱਬਰ ਸਾਹਿਬ ਬੈਠੇ ਵਿਚਾਰਦੇ ਰਹੇ ਕਿ ਇਹ ਔਰਤ ਜਾਤ ਹਨ, ਇਨ੍ਹਾਂ ਨੂੰ ਹੱਥ ਪਾਉਣਾ ਵੀ ਠੀਕ ਨਹੀਂ, ਇਨ੍ਹਾਂ ਨੂੰ ਕਿਸ ਯਤਨ ਨਾਲ ਇਥੋਂ ਕਢਿਆ ਜਾਵੇ, ਇਨ੍ਹਾਂ ਹੀ ਸੋਚਾਂ ਵਿਚ ਨੀਂਦਰ ਨਹੀਂ ਸੀ ਆ ਰਹੀ।

ਇਕ ਸਕੀਮ ਫੁਰੀ। ਇਸ ਤੋਂ ਤਿੰਨ ਦਿਨ ਪਹਿਲਾਂ ਦੀ ਗੱਲ ਹੈ ਕਿ ਝੱਬਰ ਜੀ ਪਾਸ ਪੁਲੀਸ ਦੇ ਕਰਮਚਾਰੀ ਥਾਣੇਦਾਰ ਆਏ ਤੇ ਕਹਿਣ ਲਗੇ ਕਿ ਜਥੇਦਾਰ ਜੀ, ਤੁਸੀਂ ਤਾਂ ਕੜਾਹ ਪ੍ਰਸ਼ਾਦ ਦੇ ਗਫੇ ਲਾਉਂਦੇ ਹੋ ਤੇ ਸਾਨੂੰ ਕੁਝ ਨਹੀਂ ਮਿਲਦਾ। ਝੱਬਰ ਜੀ ਨੀਤੀਵਾਨ ਸਨ, ਸੋਚਿਆ ਕਿ ਕਿਸੇ ਵੇਲੇ ਇਨ੍ਹਾਂ ਤੋਂ ਵੀ ਕੰਮ ਲਿਆ ਜਾ ਸਕਦਾ ਹੈ। ਕਿਉਂ ਨਾ ਇਨ੍ਹਾਂ ਨੂੰ ਕੜਾਹ ਪ੍ਰਸ਼ਾਦ ਦਿਤਾ ਜਾਇਆ ਕਰੇ, ਤਾਂ ਝੱਬਰ ਜੀ ਨੇ ਕਿਹਾ ਕਿ ਤੁਸੀਂ ਭੀ ਛਕੋ। ਉਨ੍ਹਾਂ ਕਿਹਾ ਕਿ ਇਥੇ ਬੈਠ ਕੇ ਅਸੀਂ ਨਹੀਂ ਛਕ ਸਕਦੇ, ਸਾਨੂੰ ਤਾਂ ਰਸਦ ਦੇ ਦਿਆ ਕਰੋ। ਤਾਂ ਝੱਬਰ ਜੀ ਨੇ ੧੦੦ ਰੁਪਏ ਪੋਲੀਸ ਦੀ ਰਸਦ ਤੇ ਕੜਾਹ ਪ੍ਰਸ਼ਾਦ ਲਈ ਦੇ ਦਿਤੇ। ਹੁਣ ਸਮਾਂ ਆਉਣ ਤੇ ਝੱਬਰ ਜੀ ਨੇ ਇਕ ਸੇਵਾਦਾਰ ਨੂੰ ਕਿਹਾ ਕਿ ਜਾ ਕੇ ਥਾਣੇਦਾਰ ਨੂੰ ਬੁਲਾ ਲਿਆ। ਉਹ ਸੁੱਤਾ ਪਿਆ ਸੀ, ਉਸ ਨੂੰ ਉਠਾ ਲਿਆਂਦਾ। ਝੱਬਰ ਨੇ ਥਾਣੇਦਾਰ ਨੂੰ


www.AKJ.Org

ਕਿਹਾ ਕਿ ਥਾਣੇਦਾਰ ਜੀ, ਇਹ ਗੁਰੂ ਕਾ ਲੰਗਰ ਤਾਂ ਪਚਦਾ ਹੈ ਜੇ ਨਾਲ ਸੇਵਾ ਵੀ ਕਰੀਏ। ਹੁਣ ਤੁਹਾਡੀ ਸੇਵਾ ਦੀ ਲੋੜ ਪੈ ਗਈ ਹੈ। ਇਹ ਔਰਤਾਂ ਅੰਦਰ ਬੈਠੀਆਂ ਹਨ, ਇਨ੍ਹਾਂ ਨੂੰ ਅਸਾਂ ਗੁਤਾਂ ਤੋਂ ਪਕੜ ਕੇ ਬਾਹਰ ਕਢਣਾ ਹੈ, ਤੇ ਇਨ੍ਹਾਂ ਨੇ ਰੌਲਾ ਪਾਣਾ ਹੈ, ਜਿਸ ਕਰਕੇ ਤੁਹਾਡੀ ਤੇ ਸਾਡੀ ਬਦਨਾਮੀ ਹੋਵੇਗੀ। ਇਸ ਦੇ ਨਾਲ ਇਕ ਹੋਰ ਤਜਵੀਜ਼ ਹੈ ਜੋ ਤੁਸੀਂ ਕਰ ਸਕਦੇ ਹੋ, ਜਿਸ ਨਾਲ ਔਰਤਾਂ ਬਿਲਕੁਲ ਚੁਪ ਚਾਪ ਤੁਰ ਜਾਣਗੀਆਂ, ਕਿਸੇ ਦੀ ਬਦਨਾਮੀ ਨਹੀਂ ਹੋਵੇਗੀ। ਉਹ ਇਹ ਹੈ ਕਿ ਤੁਸੀਂ ਸ਼ਹਿਰ ਵਿਚ ਜਾ ਕੇ ਕੁਝ ਕੁ ਲਾਲੇ ਬੁਲਾ ਲਿਆਓ ਤੇ ਉਨ੍ਹਾਂ ਨੂੰ ਕਹੋ, "ਤੁਸੀਂ ਚੰਗੇ ਹੋ ! ਤੁਹਾਡੀਆਂ ਜ਼ਨਾਨੀਆਂ ਗੁਰਦੁਆਰਾ ਸਾਹਿਬ ਇਕੱਲੀਆਂ ਹੀ ਬੈਠੀਆਂ ਹਨ। ਝੱਬਰ ਦੇ ਨਾਲ ਤਾਂ ਡਾਕੂ ਬਦਮਾਸ਼ ਬਾਰ ਦੇ ਜੱਟ ਆਏ ਹੋਏ ਹਨ। ਉਨ੍ਹਾਂ ਤੁਹਾਡੀਆਂ ਤੀਵੀਆਂ ਲੈ ਕੇ ਤੁਰ ਜਾਣਾ ਹੈ, ਫਿਰ ਵੇਖਦੇ ਰਹੋਗੇ।" ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ, ਕੁਝ ਲਾਲੇ ਬੁਲਾ ਲਿਆਂਦੇ ਤੇ ਉਨ੍ਹਾਂ ਨੂੰ ਕਿਹਾ, "ਜਾਓ ਬੇਗੈਰਤਿਓ, ਤੁਹਾਨੂੰ ਪਤਾ ਨਹੀਂ ਝੱਬਰ ਨਾਲ ਬਦਮਾਸ਼ ਆਏ ਹੋਏ ਹਨ, ਉਨ੍ਹਾਂ ਤੁਹਾਡੀਆਂ ਤੀਵੀਆਂ ਲੈ ਜਾਣੀਆਂ ਹਨ, ਜਾਓ ਆਪਣੀਆਂ ਤੀਵੀਆ ਨੂੰ ਉਠਾ ਲਿਆਓ। ਫਿਰ ਨਾ ਸਾਨੂੰ ਕਹਿਣਾ, ਅਸਾਂ ਪਰਚਾ ਕੋਈ ਨਹੀਂ ਲੈਣਾ।" ਉਹ ਆ ਕੇ ਆਪਣੀਆਂ ਤੀਵੀਆਂ ਉਠਾ ਕੇ ਲੈ ਗਏ।

ਇਸ ਵਾਕਿਆ ਤੋਂ ਪਹਿਲਾਂ ਜਦੋਂ ਇਹ ਔਰਤਾਂ ਗੁਰਦੁਆਰਾ ਸਾਹਿਬ ਵਿਖੇ ਦਾਖ਼ਲ ਹੋਣ ਲਈ ਆ ਰਹੀਆਂ ਸਨ ਤਾਂ ਗੁਰਦੁਆਰਾ ਸਾਹਿਬ ਦੇ ਨੇੜੇ ਇਕ ਆਦਮੀ ਖੜਾ ਸੀ, ਜੋ ਇਨ੍ਹਾਂ ਨੂੰ ਇਸ਼ਾਰੇ ਕਰ ਰਿਹਾ ਸੀ। ਜਦ ਝੱਬਰ ਨੇ ਇਸ ਨੂੰ ਵੇਖਿਆ ਤਾਂ ਦੋ ਹੜਬੁਚ ਮਾਰੇ। ਉਹ ਥਰ ਥਰ ਕੰਬਣ ਲਗ ਪਿਆ ਤੇ ਨਸ ਤੁਰਿਆ। ਪਿਛੋਂ ਪਤਾ ਲਗਾ ਕਿ ਇਹ "ਸ਼ਾਂਤੀ ਅਖਬਾਰ" ਰਾਵਲਪਿੰਡੀ ਦਾ ਐਡੀਟਰ ਕਿਸ਼ਨ ਚੰਦ ਸੀ। ਇਸ ਨੇ ਜਾ ਕੇ ਆਪਣੀ ਅਖ਼ਬਾਰ ਵਿਚ ਇਹ ਖ਼ਬਰ ਇਉਂ ਛਾਪੀ, 'ਜੋ ਸਿਖ ਗੁਰਦੁਆਰਾ ਸਾਹਿਬ ਮੇਂ ਕਬਜ਼ਾ ਲੇਨੇ ਕੇ ਲੀਏ ਆਏ ਹੂਏ ਹੈਂ, ਇਨ ਕੇ ਕਦ ਰਾਖਸ਼ੋਂ ਮਾਫ਼ਕ ਲੰਬੇ ਹੈਂ, ਔਰ ਜਬ ਯਿਹ ਜੈਕਾਰੇ ਗਜਾਤੇ ਹੈਂ ਤੋ ਹਸਨ ਅਬਦਾਲ ਕੀ ਪਹਾੜੀਆਂ ਥਰ ਥਰ ਕਾਂਪਤੀ ਹੈਂ।"

ਇਸ ਤਰ੍ਹਾਂ ਵਿਰੋਧੀਆਂ ਦੀ ਦੂਜੀ ਸਾਜ਼ਸ਼ ਵੀ ਫ਼ੇਲ੍ਹ ਹੋ ਗਈ। ਅਗਲੇ ਭਲਕ ਡਾਕ ਬੰਗਲੇ ਡਿਪਟੀ ਕਮਿਸ਼ਨਰ ਆਇਆ ਤੇ ਉਸ ਨੇ ਝੱਬਰ ਸਾਹਿਬ ਨੂੰ ਬੁਲਾਇਆ। ਜਦ ਅਕਾਲੀ ਬੰਗਲੇ ਗਏ ਤਾਂ ਸ਼ਹਿਰ ਦੇ ਲੋਕੀਂ ਇਕੱਠੇ ਹੋ ਕੇ ਖਿਆਲ ਕਰਨ ਲਗੇ ਕਿ ਹੁਣ ਅਕਾਲੀ ਪਕੜੇ ਜਾਣਗੇ। ਰਾਵਲਪਿੰਡੀ ਸਿੰਘ ਸਭਾ ਦੇ ਸਿੰਘਾਂ ਨੂੰ ਜਦ ਪਤਾ ਲਗਾ ਕਿ ਡਿਪਟੀ ਕਮਿਸ਼ਨਰ ਸਾਹਿਬ ਆ ਰਹੇ ਹਨ, ਤਾਂ ਸਿੰਘ ਸਭਾ ਦਾ ਪਰਧਾਨ ਸ: ਰਾਮ ਸਿੰਘ ਸਾਹਨੀ ਅਤੇ ਸ: ਸੋਹਨ ਸਿੰਘ ਰਈਸ ਦੋਵੇਂ ਪੁਜ ਗਏ। ਜਦ ਜਥੇਦਾਰ ਬੰਗਲੇ ਪੁਜਾ, ਤਾਂ ਡਿਪਟੀ ਕਮਿਸ਼ਨਰ ਚੋ: ਸੁਲਤਾਨ ਅਹਿਮਦ, ਜੋ ਜ਼ਿਲਾ ਗੁਜਰਾਤ ਪਿੰਡ ਕੁੰਜਾਹ ਦਾ ਵੜਾਇਚ ਜਾਤੀ ਦਾ ਮੁਸਲਮਾਨ ਸੀ, ਬੜੇ ਪਿਆਰ ਨਾਲ ਦੂਰੋਂ ਬੋਲਿਆ, 'ਆਈਏ ਝੱਬਰ ਸਾਹਿਬ ! ਮੈਂ ਤੋਂ ਸੋਚ ਰਹਾ ਥਾ, ਕਿ ਕੌਨ ਜਥੇਦਾਰ ਹੈ, ਤੁਮ ਤੋ ਮੇਰੇ ਦੋਸਤ ਨਿਕਲ ਆਏ।" ਇਹ ਝੱਬਰ ਸਾਹਿਬ ਦਾ ਪੁਰਾਣਾ ਵਾਕਫ਼ ਸੀ।

ਇਹ ਸਾਰੇ ਕੁਰਸੀਆਂ ਤੇ ਬੈਠ ਗਏ। ਝੱਬਰ ਦੇ ਸਜੇ ਪਾਸੇ ਡਿਪਟੀ ਕਮਿਸ਼ਨਰ ਅਤੇ ਖੱਬੇ ਪਾਸੇ ਕਪਤਾਨ ਪੁਲੀਸ, ਜੋ ਗੋਰਾ ਸੀ, ਬੈਠਾ ਹੋਇਆ ਸੀ। ਕਪਤਾਨ ਨੇ ਝੱਬਰ ਵੱਲ ਅੱਖਾਂ ਕੱਢ ਕੇ ਬੜੇ ਰੋਹਬ ਨਾਲ ਕਿਹਾ, "ਜਥੇਦਾਰ ਸਾਹਿਬ ! ਤੁਮ ਨੇ ਕਿਸ ਕੇ ਹੁਕਮ ਸੇ ਇਤਨੀ ਦੂਰ ਆ ਕਰ ਗੁਰਦੁਆਰੇ ਪਰ ਕਬਜ਼ਾ ਕਰ ਲੀਆ ਹੈ ?" ਝੱਬਰ ਨੇ ਕਿਹਾ, "ਮੈਨੂੰ ਕਿਸੇ ਤੋਂ ਹੁਕਮ ਲੈਣ ਦੀ ਕੋਈ ਲੋੜ ਨਹੀਂ, ਕਿਉਂਕਿ ਮੈਂ ਸਾਰੇ ਪੰਜਾਬ ਦਾ ਜਨਰਲ ਜਥੇਦਾਰ ਹਾਂ, ਇਸ ਲਈ ਮੈਂ ਕਿਸੇ ਪਾਸੋਂ ਕੋਈ ਹੁਕਮ ਲੈਣਾ ਯੋਗ ਨਹੀਂ ਸਮਝਿਆ।" ਜਿਸ ਤੇ ਪੁਲੀਸ ਕਪਤਾਨ ਚੁਪ ਕਰ ਗਿਆ। ਇਸ ਤੋਂ ਦੋ ਚਾਰ ਮਿੰਟ ਪਿਛੋਂ ਦੋ ਤਾਰਾਂ ਡਾਕੀਏ ਨੇ ਝੱਬਰ ਦੇ ਹੱਥ ਦਿਤੀਆਂ, ਇਕ ਸ: ਸੁੰਦਰ ਸਿੰਘ ਜੀ ਵਲੋਂ, ਜੋ ਉਸ ਸਮੇਂ ਪਰਧਾਨ ਸਨ, ਅਤੇ ਦੂਸਰੀ ਤਾਰ ਸ: ਹਰਬੰਸ ਸਿੰਘ ਜੀ ਅਟਾਰੀ ਮੀਤ ਪਰਧਾਨ ਵਲੋਂ ਸੀ। ਤਾਰਾਂ ਵਿਚ ਇਹ ਜ਼ਿਕਰ ਸੀ ਕਿ ਜੇ ਆਪ ਨੂੰ ਮਾਇਆ ਜਾਂ ਸਿੰਘਾਂ ਦੀ ਲੋੜ ਹੋਵੇ ਤਾਂ ਪਤਾ ਦਿਓ, ਅਸੀਂ ਭੇਜੀਏ। ਝੱਬਰ ਨੇ ਤਾਰਾਂ ਪੜ੍ਹ ਕੇ ਕਪਤਾਨ ਤੇ ਡੀ. ਸੀ. ਸਾਹਿਬ ਨੂੰ ਵਿਖਾਈਆਂ ਕਿ ਆਹ ਵੇਖ ਲਵੋ, ਤਾਰਾਂ



www.AKJ.Org

ਮੈਨੂੰ ਕਿਸ ਨੇ ਘਲੀਆਂ ਹਨ। ਸਰਦਾਰ ਹਰਬੰਸ ਸਿੰਘ ਨੇ ਆਪਣੀ ਤਾਰ ਵਿਚ ਲਿਖਿਆ ਹੋਇਆ ਸੀ ਕਿ ਜੇ ਮੌਕੇ ਤੇ ਕੋਈ ਅਫ਼ਸਰ ਆਵੇ ਤਾਂ ਇਹ ਮੇਰੀ ਤਾਰ ਉਸ ਨੂੰ ਵਿਖਾ ਦੇਣੀ। ਸ: ਸੋਹਨ ਸਿੰਘ ਤੇ ਸ: ਰਾਮ ਸਿੰਘ ਜੀ ਨੇ ਮਹੰਤ ਸੰਤ ਸਿੰਘ ਨੂੰ ਬੰਗਲੇ ਅੰਦਰ ਲੈ ਜਾ ਕੇ ਸੁਲਾਹ ਦੀ ਗੱਲ ਬਾਤ ਕੀਤੀ, ਪਰ ਸੰਤ ਸਿੰਘ ਨਾ ਮੰਨਿਆ। ਡਿਪਟੀ ਕਮਿਸ਼ਨਰ ਨੇ ਕਿਹਾ, "ਸੰਤ ਸਿੰਘ, ਦੇਖੋ ਤੁਮ ਨੇ ਗੁਰਦੁਆਰਾ ਸਾਹਿਬ ਮੇਂ ਨਹੀਂ ਜਾਨਾ।" ਉਸ ਨੇ ਆਖਿਆ, 'ਸਾਹਿਬ, ਮੈਂ ਜਾਸਾਂ।' ਦੂਸਰੀ ਵੇਰ ਡੀ. ਸੀ. ਨੇ ਕਿਹਾ ਕਿ ਸੰਤ ਸਿੰਘ, ਤੁਮ ਮਤ ਜਾਓ? ਪਰ ਸੰਤ ਸਿੰਘ ਨੇ ਕਿਹਾ, 'ਮੈਂ ਜਾਸਾਂ।' ਤਾਂ ਡੀ. ਸੀ. ਨੇ ਸਾਰਿਆਂ ਨੂੰ ਮੁਖ਼ਾਤਬ ਕਰ ਕੇ ਕਿਹਾ, "ਯਹਾਂ ਕੋਈ ਮਸਜਦ ਭੀ ਹੈ?" 'ਹਾਂ' ਦਾ ਜਵਾਬ ਆਉਣ ਤੇ ਕਿਹਾ, ਕਿ "ਯਹ ਮੁਸਲਮਾਨੋਂ ਕੇ ਵਾਸਤੇ ਹੈ, ਮੰਦਰ ਹਿੰਦੂਓਂ ਕੇ ਵਾਸਤੇ, ਔਰ ਗੁਰਦੁਆਰਾ ਸਿਖੋਂ ਕੇ ਵਾਸਤੇ ਹੈ, ਮਤ ਕੋਈ ਹਿੰਦੂ ਗੁਰਦੁਆਰੇ ਮੇਂ ਜਾਏ।" ਇਹ ਕਹਿ ਕੇ ਪੁਲੀਸ ਨੂੰ ਹੁਕਮ ਕੀਤਾ ਕਿ ਸੰਤ ਸਿੰਘ ਨੂੰ ਹੱਥਕੜੀ ਲਗਾਉ। ਤਾਂ ਸੰਤ ਸਿੰਘ ਨੇ ਕਿਹਾ, 'ਹਜ਼ੂਰ, ਮੈਂ ਗੁਰਦੁਆਰੇ ਨਹੀਂ ਜਾਂਦਾ।'

ਡੀ. ਸੀ. ਨੂੰ ਜਦ ਇਹ ਪਤਾ ਲਗਾ ਕਿ ਇਸ ਨੂੰ ਇਕਰਾਰ ਕਰਕੇ ਮੁਕਰਨ ਕਾਰਨ ਸਿਖਾਂ ਨੇ ਤਨਖ਼ਾਹੀਆ ਕਰਾਰ ਦਿਤਾ ਸੀ ਤਾਂ ਡੀ. ਸੀ. ਨੇ ਸੰਤ ਸਿੰਘ ਨੂੰ ਮੁਖ਼ਾਤਬ ਕਰ ਕੇ ਕਿਹਾ, "ਦੇਖੋ ਸੰਤ ਸਿੰਘ, ਜੋ ਆਪ ਕੋ ਸਿੰਘੋ ਨੇ ਤਨਖ਼ਾਹ ਲਗਾਈ ਹੈ, ਯਿਹ ਮੈਂ ਮੁਆਫ਼ ਨਹੀਂ ਕਰ ਸਕਤਾ, ਤੁਮ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਜਾ ਕਰ ਯਿਹ ਬਖਸ਼ਾਨੇ ਪਰ ਹੀ ਗੁਰਦੁਆਰਾ ਸਾਹਿਬ ਜਾ ਸਕਤੇ ਹੋ। ਯਿਹ ਤੁਮਾਰਾ ਮਜ਼੍ਹਬੀ ਫ਼ਤਵਾ ਹੈ, ਇਸ ਮੇਂ ਮੇਰਾ ਕੋਈ ਦਖਲ ਨਹੀਂ ਹੈ।"

ਡੀ. ਸੀ. ਨੇ ਇਹ ਵੀ ਕਿਹਾ, "ਦੇਖੋ ਸੰਤ ਸਿੰਘ, ਔਰ ਤੋ ਮੈਂ ਕੁਛ ਨਹੀਂ ਕਰ ਸਕਤਾ, ਮਗਰ ਤੁਮ ਦਾਅਵਾ ਕਰ ਸਕਤੇ ਹੋ।" ਸੰਤ ਸਿੰਘ ਨੇ ਵਕੀਲ ਲਿਆਂਦਾ ਹੋਇਆ ਸੀ ਅਤੇ ਦਰਖ਼ਾਸਤ ਵੀ ਟਾਈਪ ਕਰ ਕੇ ਲਿਆਂਦੀ ਹੋਈ ਸੀ। ਉਸੇ ਵੇਲੇ ਡੀ, ਸੀ. ਸਾਹਿਬ ਨੂੰ ਦੇ ਦਿਤੀ। ੧੪੫ ਦਫ਼ਾ ਦਾ ਦਾਅਵਾ ਦਾਇਰ ਹੋ ਗਿਆ ਤੇ ਹੁਕਮ ਹੋਇਆ, ਕਿ ਕੈਂਬਲਪੁਰ ਪੁਜ ਕੇ ਸਬੂਤ ਪੇਸ਼ ਕਰੋ।

ਡੀ. ਸੀ. ਸਾਹਿਬ ਤੇ ਹੋਰ ਬਾਹਰੋਂ ਆਏ ਸਭ ਸਜਨ ਚਲੇ ਗਏ, ਪਰ ਜੋ ਝੱਬਰ ਸਾਹਿਬ ਦਾ ਜਥਾ ਪੁਜਾ ਹੋਇਆ ਸੀ, ਇਹ ਜਲੂਸ ਦੀ ਸ਼ਕਲ ਵਿਚ ਬਜ਼ਾਰ ਦੇ ਵਿਚੋਂ ਸ਼ਬਦ ਪੜ੍ਹਦਾ ਹੋਇਆ ਗੁਰਦੁਆਰਾ ਸਾਹਿਬ ਪੁਜਾ।

ਦੋ ਦਿਨ ਬਾਅਦ ਇਕ ਸਿੰਘ ਨੇ ਕਿਹਾ ਕਿ 'ਝੱਬਰ ਜੀ, ਮਹੰਤ ਨੇ ਬਹੁਤ ਸਾਰੀਆਂ ਗੋਲਕਾਂ ਰਖੀਆਂ ਹੋਈਆਂ ਸਨ, ਕੋਈ ਲੰਗਰ ਦੀ, ਕੋਈ ਇਮਾਰਤ ਆਦਿ ਦੀ, ਸੋ ਤੁਸੀਂ ਖੋਲ੍ਹੋ ਤਾਂ ਵਿਚੋਂ ਕਾਫ਼ੀ ਮਾਇਆ ਨਿਕਲ ਸਕਦੀ ਹੈ।' ਝੱਬਰ ਨੇ ਤਾਲੇ ਤੋੜ ਕੇ ਗੋਲਕਾਂ ਗਿਣਵਾਈਆਂ ਤਾਂ ੯੦੦) ਦੇ ਕਰੀਬ ਨਿਕਲਿਆ, ਜੋ ਭਗਤ ਦੁਨਾ ਸਿੰਘ ਜੀ ਦੇ ਮੁਨੀਮ ਦੇ ਹਵਾਲੇ ਕਰ ਦਿਤੇ ਗਏ।

## ਸ੍ਰੀ ਪੰਜਾ ਸਾਹਿਬ ਵਿਖੇ ਪੰਥ ਦਾ ਪਹਿਲਾ ਇਕੱਠ–

ਕਤਕ ਪੂਰਨਮਾਸ਼ੀ ਦੇ ਗੁਰਪੁਰਬ ਤੋਂ ਇਕ ਹਫ਼ਤਾ ਪਹਿਲਾਂ ਇਕ ਵਡਾ ਇਸ਼ਤਿਹਾਰ ਕਢਿਆ ਗਿਆ, ਜੋ ਪੋਠੋਹਾਰ, ਧੰਨੀ, ਪਿਸ਼ਾਵਰ ਆਦਿ ਸਭ ਥਾਈਂ ਭੇਜਿਆ ਗਿਆ। ਸੰਗਤਾਂ ਹੁਮ ਹੁਮਾ ਕੇ ਪੁਜੀਆਂ। ਸੰਗਤਾਂ ਦਾ ਬਹੁਤ ਭਾਰੀ ਇਕੱਠ ਹੋਇਆ। ਪੋਠੋਹਾਰੀ ਸਿੰਘ ਵਪਾਰੀ ਤੇ ਸਿਆਣੇ ਹੁੰਦੇ ਹਨ। ਸਿੰਘਾਂ ਨੇ ਲੰਗਰ ਦਾ ਬੜਾ ਚੰਗਾ ਪਰਬੰਧ ਕੀਤਾ। ਇਸ ਸਮਾਗਮ ਸਮੇਂ ਸਾਰੀ ਸੰਗਤ ਵਿਚੋਂ ਗੁਰਦੁਆਰੇ ਦੇ ਪਰਬੰਧ ਲਈ ਇਕ ਕਮੇਟੀ ਚੁਣੀ ਗਈ, ਜੋ ਇਨ੍ਹਾਂ ਸਤ ਸਜਨਾਂ ਦੀ ਸੀ :—ਠਾਕਰ ਭਗਵਾਨ ਦਾਸ ਜੀ, ਸ: ਬੁਧ ਸਿੰਘ ਬਜ਼ਾਜ਼, ਭਗਤ ਜਸਵੰਤ ਸਿੰਘ ਜੀ, ਭਾ: ਗੋਪਾਲ ਸਿੰਘ ਜੀ ਸਾਗਰੀ, ਸ: ਈਸ਼ਰ ਸਿੰਘ ਕਲਰ, ਸ: ਰਾਮ ਸਿੰਘ ਜੀ ਸਾਹਨੀ, ਭਾਈ ਮੂਲ ਸਿੰਘ ਡੁਮੇਲੀ।

ਇਸ ਮੇਲੇ ਤੇ ਮਾਸਟਰ ਤਾਰਾ ਸਿੰਘ ਤੇ ਭੁੱਚਰ ਜੀ ਵੀ ਪੁਜੇ ਹੋਏ ਸਨ। ਇਥੋਂ ਹੀ ਭੁੱਚਰ ਜੀ ਨੇ ਪਿਸ਼ਾਵਰ ਜਾ ਕੇ ਭਾਈ ਜੋਗਾ ਸਿੰਘ ਦੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕੀਤਾ ਸੀ।

ਗੁ: ਪੰਜਾ ਸਾਹਿਬ ਦੇ ਪਰਬੰਧ ਲਈ ਹੁਣ ਪੰਥਕ ਕਮੇਟੀ ਬਣ ਚੁਕੀ ਸੀ। ਸੋ ਝੱਬਰ ਜੀ, ਸਮੇਤ ਆਪਣੇ ਜਥੇ, ਵਾਪਸ ਸ਼ੇਖ਼ੂਪੁਰੇ ਆ ਗਏ।

["ਜਥੇਦਾਰ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ



www.AKJ.Org

# ਸਿੱਖੀ ਰਹਿਤ ਬਹਿਤ ਬਾਰੇ ਸੁਝਾਅ

ਸੂਰਾ ਦਫਤਰ ਵਿੱਚ, ਗਾਹੇ ਬਗਾਹੇ ਸਿੱਖੀ ਰਹਿਤ ਬਾਰੇ (ਸੁਝਾਵਾਂ ਹਿਤ) ਪ੍ਰੇਮੀ ਜਨਾਂ ਵਲੋਂ, ਪ੍ਰੇਮ-ਪਾਤੀਆਂ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦਾ ਤੱਤਸਾਰ ਇਹ ਹੁੰਦਾ ਹੈ ਕਿ ਸਾਰੇ ਪੰਥ ਵਿਚ ਰਹਿਤ ਮਰਯਾਦਾ ਇਕ ਹੋਣੀ ਚਾਹੀਦੀ ਹੈ। ਜੋ ਰਹਿਤ ਬਹਿਤ ਵਿਚ ਵਖੇਵੇਂ ਦੇਖਣ ਵਿਚ ਆਉਂਦੇ ਹਨ, ਇਹ ਨਹੀਂ ਹੋਣੇ ਚਾਹੀਦੇ।

ਅਜਿਹਿਆਂ ਸਜਣਾਂ ਦੇ ਵਿਚਾਰ ਸ਼ੁਭ ਹਨ। ਪਰ ਜਿਹੜੀ ਗੱਲ ਸਾਡੇ ਸਾਰਿਆਂ ਦੇ ਸਮਝਣ ਗੋਚਰੀ ਹੈ ਉਹ ਇਹ ਹੈ ਕਿ ਸਿੱਖੀ ਕਿਸੇ ਸ਼ਿੱਖ ਦੀ ਨਹੀਂ, ਨਾ ਕਿਸੇ ਸੰਸਥਾ ਦੀ, ਅਤੇ ਨਾ ਹੀ ਕਿਸੇ ਤਖ਼ਤ ਦੀ। ਸਿੱਖੀ ਹੈ ਪੂਰੇ ਗੁਰੂ ਦੀ। ਸਾਨੂੰ ਸਿੱਖੀ ਬਾਰੇ ਪੂਰੇ ਗੁਰੂ ਦੀ ਪੂਰੀ ਬਾਨੀ ਤੋਂ ਹੀ ਅਗਵਾਈ ਲੈਣੀ ਚਾਹੀਦੀ ਹੈ।

ਕਲਗੀਧਰ ਪਾਤਸ਼ਾਹ ਜੀ ਨੇ ਗੁਰ-ਦੀਖਿਅਤ ਕਰਨ ਦੀ ਮਰਯਾਦਾ, ਖੰਡੇ ਦਾ ਅੰਮ੍ਰਿਤ ਛਕਾ ਕੇ, ਪੰਜਾਂ ਪਿਆਰਿਆਂ ਨੂੰ ਸਉਂਪੀ ਹੈ, ਜੋ ਕਿ ਬਦਸਤੂਰ ਚਲ ਰਹੀ ਹੈ।

ਸਾਡੇ ਖ਼ਾਸ ਧਿਆਨ ਯੋਗ ਕਲਗੀਧਰ ਜੀ ਦਾ ਇਹ ਬਚਨ ਹੈ ਕਿ "ਖਾਲਸਾ ਮੇਰੋ ਰੂਪ ਹੈ ਖਾਸ"। ਜੇਹੜਾ ਵੀ ਪ੍ਰਾਣੀ (ਮਰਦ ਜਾਂ ਇਸਤ੍ਰੀ) ਅੰਮ੍ਰਿਤ ਛਕਦਾ ਹੋਇਆ ਕਹਿੰਦਾ ਹੈ "ਵਾਹਿਗੁਰੂ ਜੀ ਕਾ ਖਾਲਸਾ", ਉਸ ਲਈ ਕਲਗੀਧਰ ਜੀ ਦਾ ਰੂਪ ਧਾਰਨਾ ਅਤਿ ਜ਼ਰੂਰੀ ਹੈ। ਏਸੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਨ "ਸਾਬਤ ਸੂਰਤਿ ਦਸਤਾਰ ਸਿਰਾ" (ਭਾਵੇਂ ਇਹ ਸਿਰ ਮਰਦ ਦਾ ਹੋਵੇ ਜਾਂ ਤ੍ਰੀਮਤ ਦਾ) ਸਾਡੇ ਸਭਸ ਦੇ ਮੰਨਣ ਯੋਗ ਹੈ।

ਖਾਣ ਪੀਣ ਵਾਲੀਆਂ ਜੋਗ ਵਸਤੂਆਂ ਸੰਬੰਧੀ ਅਤੇ ਨਾ ਖਾਣ ਪੀਣ ਵਾਲੀਆਂ ਵਸਤੂਆਂ ਸੰਬੰਧੀ ਗੁਰਬਾਣੀ ਅੰਦਰੋਂ ਬੜੀ ਸਪੱਸ਼ਟ ਅਗਵਾਈ ਮਿਲਦੀ ਹੈ। ਰੋਟੀ ਬੇਟੀ ਦੀ ਸਾਂਝ ਕਿਸ ਨਾਲ ਰੱਖਣੀ ਚਾਹੀਦੀ ਹੈ, ਇਸ ਸੰਬੰਧੀ ਭੀ ਗੁਰਬਾਣੀ ਬਹੁਤ ਸਪੱਸ਼ਟ ਹੈ। ਨਾਮ ਜਪਣ ਸੰਬੰਧੀ ਭੀ ਗੁਰਬਾਣੀ ਬਹੁਤ ਸਪੱਸ਼ਟ ਹੈ। ਅੰਮ੍ਰਿਤ ਵੇਲੇ ਦੀ ਸੰਭਾਲ ਸੰਬੰਧੀ ਅੰਮ੍ਰਿਤਧਾਰੀ ਗੁਰਸਿਖ ਨੇ ਕਦੋਂ ਉਠ ਕੇ ਇਸ਼ਨਾਨ ਕਰ ਕੇ ਨਾਮ ਜਪਣਾ ਹੈ, ਗੁਰਬਾਣੀ ਕੋਈ ਸ਼ੱਕ ਨਹੀਂ ਰਹਿਣ ਦੇਂਦੀ। ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣ ਸੰਬੰਧੀ ਭੀ ਗੁਰਬਾਣੀ ਸਾਨੂੰ ਬੜੀ ਨਿਖਰਵੀਂ ਹਦਾਇਤ ਕਰਦੀ ਹੈ। ਪਰਾਏ ਤਨ, ਪਰਾਏ ਧਨ ਅਤੇ ਪਰਾਈ ਨਿੰਦਾ ਤੋਂ ਗੁਰਬਾਣੀ ਸਾਨੂੰ ਸਖ਼ਤੀ ਨਾਲ ਹੋੜਦੀ ਹੈ।

ਗੁਰਬਾਣੀ ਸਿੱਖ ਨੂੰ ਵੇਹਲਾ ਬਹਿ ਕੇ ਖਾਣ ਤੋਂ ਰੋਕਦੀ ਹੈ। ਮੇਹਨਤ ਕਰ ਕੇ ਕਮਾਈ ਕਰਨ ਲਈ ਪ੍ਰੇਰਦੀ ਹੈ।

ਜੇ ਅਸੀਂ ਸਾਰੇ ਗੁਰਬਾਣੀ ਦੀ ਓਟ ਲੈ ਕੇ ਚਲੀਏ ਤਾਂ ਫਿਰ ਸਿੱਖਾਂ ਵਿੱਚ ਕੋਈ ਵਖੇਵਾਂ ਨਹੀਂ ਰਹਿੰਦਾ।

ਖਾਲਸਾ ਜੀ ਦਾ ਸੇਵਾਦਾਰ :—ਰਾਮ ਸਿੰਘ (ਜ਼ਥੇਦਾਰ) ਅਖੰਡ ਕੀਰਤਨੀ ਜਥਾ

---

# ਮੀਟ ਸ਼ਰਾਬ ਦਾ ਸੇਵਨ ਨਹੀਂ

ਅਜੀਤ 19-4-89 ਵਿਚ ਗਭਰੂ ਬਾਬਾ ਰਤਨ ਸਿੰਘ, ਉਮਰ 110 ਸਾਲ ਦੇ ਕਰੀਬ, ਪੰਜ ਪੀੜ੍ਹੀਆਂ ਪਰਵਾਰ ਵਾਲਾ, ਅਜੇ ਨੌ-ਬਰ-ਨੌ ਸਿਹਤ, ਨਾਲ ਗੱਲ ਬਾਤ ਛਪੀ ਹੈ। ਗਭਰੂ ਬਾਬੇ ਨੂੰ ਇਸ ਚੰਗੀ ਸਿਹਤ ਦਾ ਰਾਜ਼ ਪੁਛਿਆ ਗਿਆ ਤਾਂ ਉਨ੍ਹਾਂ ਦਾ ਉਤਰ ਸੀ–

"ਬਸ ਸਾਦਾ ਤੇ ਸਹਿਜ ਜੀਵਨ, ਸਾਦੀ ਖ਼ੁਰਾਕ ਤੇ ਸਾਦੇ ਕਪੜੇ। ਸਭ ਕੁਝ ਹੀ ਸਾਦ-ਮੁਰਾਦਾ।"...

ਉਹ ਦਸਦੇ ਹਨ ਕਿ ਉਨ੍ਹਾਂ ਨੇ ਹੁਣ ਤਕ ਕਦੇ ਮੀਟ-ਸ਼ਰਾਬ ਦਾ ਸੇਵਨ ਨਹੀਂ ਕੀਤਾ। ਨਾ ਹੀ ਕੋਈ ਵਿਕਾਰ ਕਰਦੇ ਹਨ। ਸਵੇਰੇ ਉਠ ਕੇ ਗੁਰਦੁਆਰੇ ਜਾਣ ਦਾ ਨਿਤਨੇਮ ਹੈ। ਫਿਰ ਦੋਵੇਂ ਵੇਲੇ ਖੇਤਾ ਦਾ ਗੇੜਾ ਮਾਰਦੇ ਹਨ।



www.AKJ.Org

# ਚਰਨ ਕਮਲ ਕੀ ਮਉਜ(੧)

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨੋਟ :—ਇਹ ਪੁਸਤਕ ਕਾਫ਼ੀ ਸਮੇਂ ਤੋਂ ਨਹੀਂ ਮਿਲ ਰਹੀ, ਜਿਸ ਕਰਕੇ ਪਾਠਕਾਂ ਦੀ ਮੰਗ ਨੂੰ ਮੁਖ ਰਖ ਕੇ ਇਸ ਨੂੰ 'ਸੂਰਾ' ਦੇ ਕਾਲਮਾਂ ਰਾਹੀਂ ਕੁਝ ਕਿਸ਼ਤਾਂ ਵਿਚ ਦਿਤਾ ਜਾ ਰਿਹਾ ਹੈ।

## ਅਕਾਲ ਪੁਰਖ ਦਾ ਸਰੂਪ–

ਨਾਮ-ਰਸਕ ਵੈਰਾਗੀ, ਨਾਮ ਰਹੱਸ ਅਨੁਰਾਗੀ, ਵਾਹਿਗੁਰੂ ਦੇ ਦਰਸ-ਮੁਸ਼ਤਾਕ, ਦਰਸ-ਹੁਸ਼ਨਾਕ ਭਉਰਿਆਂ ਨੂੰ ਹੀ ਚਰਨ ਕਮਲ ਕੀ ਮਉਜ ਮਾਨਣ ਦੀ ਅਗੰਮੀ ਮਹਿਮਾ ਦਾ ਸਦ-ਰਿਦ-ਵਿਗਾਸੀ ਵਿਸ਼ਵਾਸ ਭਰੋਸਾ ਹੋ ਸਕਦਾ ਹੈ। ਨਾਮ-ਰਸ ਤੋਂ ਵਾਂਜਿਆਂ ਕੋਰਿਆਂ, ਕੋਰੜ ਮੋਠ ਮਨਾਂਜਿਆਂ (ਮਨਾਂ ਵਾਲਿਆਂ) ਨੂੰ "ਚਰਨ ਕਮਲ ਕੀ ਮਉਜ" ਦਾ ਅਹਿਸਾਸ ਹੀ ਕੀ ? ਗੂੜ੍ਹ ਗੁਰਮਤਿ ਦੀ ਕਸ਼ਫ਼ ਕਮਾਲ ਕਰਨੀ ਤੋਂ ਅਨਜਾਣਾਂ ਨੂੰ 'ਚਰਨ' ਯਾ 'ਚਰਨ ਕਮਲ' ਪਦ ਦਾ ਵਾਹਿਗੁਰੂ ਅਕਾਲ ਪੁਰਖ ਦੀ ਹਸਤੀ ਨਾਲ ਮਨਸੂਬ (ਸੰਬੰਧਤ) ਕਰਨਾ ਨਿਰਾ ਮਨਮਤਿ ਦਾ ਢਕੋਂਸਲਾ ਹੀ ਭਾਸਦਾ ਹੈ। ਵਾਹਿਗੁਰੂ ਦੇ ਸਰੂਪ, ਵਾਹਿਗੁਰੂ ਦੀ ਅਕਾਲ-ਮੂਰਤਿ ਹਸਤੀ ਦਾ ਹੀ ਜਿਨ੍ਹਾਂ ਨੂੰ ਯਕੀਨ ਨਹੀਂ ਆਇਆ, ਉਨ੍ਹਾਂ ਦਾ ਵਾਹਿਗੁਰੂ ਦੇ ਚਰਨਾਂ ਉਤੇ ਕਦ ਯਕੀਨ ਬਝ ਸਕਦਾ ਹੈ ! ਵਾਹਿਗੁਰੂ ਦੀ ਸਰੂਪ-ਲਖਤਾ ਤੋਂ ਸੁੰਞਿਆਂ ਨੂੰ "ਚਰਨ ਕਮਲ ਕੀ ਮਉਜ" ਦਾ ਕੀ ਪਤਾ ? ਵਾਹਿਗੁਰੂ ਸਰੂਪ ਸਾਖਯਾਤ-ਕਾਰੀਆਂ ਅਤੇ ਚਰਨ-ਕਮਲ-ਮਉਜ-ਮਲ੍ਹਾਰੀਆਂ ਨੂੰ ਚਰਨ ਕਮਲ ਕੀ ਮਉਜ ਦੇ ਵਰਣਨ ਕਰਨ ਦੀ ਸਮਰੱਥਾ ਨਹੀਂ। ਉਹਨਾਂ ਪ੍ਰਥਾਇ ਹੀ ਇਹ ਗੁਰਵਾਕ ਘਟਦਾ ਹੈ–

ਕਬੀਰ ਚਰਨ ਕਮਲ ਕੀ ਮਉਜ ਕਉ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ [ਪੰਨਾ ੧੩੭੦]

ਸਚ ਮੁਚ "ਕਹਿਬੇ ਕਉ ਸੋਭਾ ਨਹੀਂ" ! "ਦੇਖਾ ਹੀ ਪਰਵਾਨੁ" ਹੈ। ਚਰਨ ਕਮਲ ਕੀ ਮਉਜ ਦੀ ਸੋਭਾ ਦੇ ਮੁਸ਼ਤਾਕ ਮੁਤਲਾਸ਼ੀਆਂ (ਪ੍ਰੀਤਵਾਨ ਢੂੰਡਾਊਆਂ) ਅਤੇ ਗੁਰਮਤਿ ਦੇ ਸੱਚੇ ਯਕੀਨਕਾਰ ਖੋਜੀਆਂ ਨੂੰ ਗੁਰਵਾਕ ਦੀ ਸਚਾਈ ਦਾ ਹੀ ਐਸਾ ਅਮਲ ਚੜ੍ਹਿਆ ਰਹਿੰਦਾ ਹੈ ਕਿ ਉਹ ਸਦਾ ਅਜਿਹੀਆਂ ਹੀ ਜੁਗਤਿ-ਵਿਉਂਤਾਂ ਢੂੰਡਦੇ ਹਨ ਅਤੇ ਗੁਰਮਤਿ ਦੇ ਦੁਆਰਿਓਂ ਗੁਰਬਾਣੀ ਅੰਦਰੋਂ ਹੀ ਢੂੰਡਦੇ ਹਨ, ਜਿਨ੍ਹਾਂ ਦੇ ਕਮਾਵਣ ਕਰਿ ਉਹਨਾਂ ਨੂੰ ਗੁਰਬਾਣੀ ਅੰਦਰ ਦਰਸਾਈ ਚਰਨ ਕਮਲਾਂ ਦੀ ਮਹਿਮਾ ਵਾਲੀ ਦਰਸ-ਵਿਗਾਸ-ਰਸਾਈ ਹੋ ਜਾਵੇ। ਸਚ ਮੁਚ ਮਾਅਰਫ਼ਤ ਦੇ ਹਕੀਕੀ ਮੁਹੱਕਕਾਂ (ਖੋਜੀਆਂ) ਨੂੰ ਪ੍ਰਮਾਰਥ ਦੇ ਗੂੜ੍ਹ ਅਗੰਮੀ ਭੇਦਾਂ ਉਤੇ ਚੂੰ-ਚਰਾਂ ਕਦੇ ਨਹੀਂ ਹੁੰਦੀ। ਗੁਰੂ ਘਰ ਦੇ ਅਨਿੰਨ ਭਗਤ ਗੁਰਮੁਖ ਜਨ, ਗੁਰਵਾਕਾ ਦੀ ਸਚਾਈ ਉਤੇ ਪੂਰਨ ਭਰੋਸਾ ਰਖਦੇ ਹਨ। ਨਿਊਣਤਾ ਮੰਨਦੇ ਹਨ ਤਾਂ ਆਪਣੀ ਨਿਜ ਕਮਾਈ ਦੀ ਮੰਨਦੇ ਹਨ। ਜੋ ਕੁਛ ਉਹਨਾਂ ਦੀ ਪੰਚ-ਭੂਤਕ ਅਲਪੱਗ ਬੁਧੀ ਦੇ ਬੱਧ-ਫ਼ਹਿਮ ਵਿਚ ਨਹੀਂ ਆਉਂਦਾ, ਉਸ ਤੋਂ ਉਹ ਮੁਨਕਰ ਨਹੀਂ ਹੁੰਦੇ।

ਚੰਚਲ ਮਤਿ, ਚਤੁਰਾਈ ਵਾਲੇ (ਪ੍ਰਾਣੀ) ਆਪਣੀ ਅਲਪੱਗ ਸਮਝ ਸੋਚ ਤੋਂ ਅਗੋਚਰੀ ਕਿਸੇ ਭੀ ਗੂੜ੍ਹ ਪ੍ਰਮਾਰਥ ਰਾਜ਼-ਰਮਜ਼ਨੀ ਗੱਲ ਉਤੇ ਏਅਤਕਾਦ ਨਹੀਂ ਲਿਆਉਂਦੇ। ਇਹ ਉਨ੍ਹਾਂ ਦੇ ਅਭਾਗ ਹਨ। ਉਹ ਮੁਹੱਕਕ ਨਹੀਂ ਬਣਦੇ। ਉਹ ਖੋਜੀ ਨਹੀਂ ਬਣਦੇ। ਵਾਦੀ, ਬਾਦ-ਬਿਵਾਦੀ ਹੀ, ਸਾਰੀ ਉਮਰ ਰਹਿੰਦੇ ਹਨ। ਉਹ ਗੁਰਬਾਣੀ ਧੁਰ ਕੀ ਬਾਣੀ ਦੇ ਅਮਿਤ ਤੱਤ-ਭੇਦੀ ਆਸ਼ਿਆਂ ਉਤੇ ਈਮਾਨ ਨਹੀਂ ਲਿਆਉਂਦੇ। ਉਹਨਾਂ ਦੀ ਤਾਂ ਗੱਲ ਹੀ ਕੀ ਕਰਨੀ। ਪਰ ਜਿਨ੍ਹਾਂ ਗੁਰੂ ਦੇ ਸਚਿਆਰ ਸਿਖਾਂ ਨੂੰ ਗੁਰੂ ਦੀ ਬਾਣੀ ਉਪਰ, ਗੁਰਵਾਕਾਂ ਉਪਰ ਪੂਰਾ ਭਰੋਸਾ ਹੈ, ਉਹ ਗੁਰਬਾਣੀ ਅੰਦਰਿ ਲਖਾਈ ਕਿਸੇ ਭੀ ਸਚਾਈ ਤੋਂ ਸਿਰ ਨਹੀਂ ਫੇਰ ਸਕਦੇ। ਫ਼ਰਕ ਸਮਝਦੇ ਹਨ ਤਾਂ ਆਪਣੀ ਕਮਾਈ ਵਿਚਿ ਹੀ ਸਮਝਦੇ ਹਨ। ਗੁਰਮਤਿ-ਵਿਰੋਧੀ ਅਤੇ ਪ੍ਰਮਾਰਥ ਕੁਤਰਕੀ ਲੋਕ ਉਹਨਾਂ ਨੂੰ ਇਹ ਕਹਿ ਕੇ ਬਹਿਕਾਉਂਦੇ ਹਨ ਕਿ ਦੇਖੋ ਜੀ ! ਨਿਰਗੁਣ ਵਾਹਿਗੁਰੂ ਦੇ ਭੀ ਕਦੇ ਚਰਨ ਹੋ ਸਕਦੇ ਹਨ ? ਚਰਨ



www.AKJ.Org

ਤਾਂ ਸਰਗੁਣ ਮੂਰਤਿ ਵਾਲੇ ਰੱਬ ਦੇ ਹੀ ਹੋ ਸਕਦੇ ਹਨ।

ਉਹਨਾਂ ਦੇ ਭਾ ਦਾ ਨਿਰਗੁਣ ਵਾਹਿਗੁਰੂ ਦਾ ਕੋਈ ਸਰੂਪ ਹੀ ਨਹੀਂ। ਗੁਰੂ ਸਾਹਿਬ ਨੇ ਸਿਰੀ ਜਪੁਜੀ ਸਾਹਿਬ ਦੇ ਮੂਲ ਮੁਢ ਵਿਚਿ ਹੀ ਕਰਤੇ ਪੁਰਖ ਵਾਹਿਗੁਰੂ ਦਾ 'ਅਕਾਲ ਮੂਰਤਿ' ਰੂਪ ਨਿਰਗੁਣ ਸਰੂਪ ਪ੍ਰਤਿਪਾਦਨ ਕੀਤਾ ਹੈ। ਨਿਰਗੁਣ ਸਰੂਪ ਤੋਂ ਇਹ ਭਾਵ ਹੈ ਕਿ ਇਹ ਸਰੂਪ ਤ੍ਰੈਗੁਣੀ ਗੁਣਾਂ ਵਾਲਾ ਨਹੀਂ, ਤ੍ਰੈਗੁਣ ਅਬਾਧ ਤੁਰੀਆਗੁਣੀ ਦਿਬ ਗੁਣਾ ਸੰਪੰਨ ਹਸਤੀ ਵਾਲਾ ਅਕਾਲ ਮੂਰਤੀ ਸਰੂਪ ਹੈ। ਇਸ ਤੋਂ ਮੁਨਕਰ ਹੋਣਾ ਅਕਾਲ ਪੁਰਖ ਦੀ ਹੋਂਦ ਤੋਂ ਹੀ ਮੁਨਕਰ ਹੋਣਾ ਹੈ।

ਅਕਾਲ ਪੁਰਖ ਦੀ ਮੂਰਤ (ਹਸਤੀ) ਤਾਂ ਹੈ, ਪਰ ਕਾਲ ਚਕਰ ਵਿਚ ਆਏ ਤ੍ਰੈਗੁਣੀ ਗੁਣਾਂ ਵਾਲੀ ਹਸਤੀ ਨਹੀਂ। ਤੁਰੀਆਗੁਣੀ ਦਿੱਬ ਮੂਰਤਿ ਅਕਾਲ ਹਸਤੀ ਹੈ।

## ਅਕਾਲ ਪੁਰਖ ਦੇ ਚਰਨਾਂ ਦਾ ਪਰਤੱਖ ਝਲਕਾ—

ਇਸ ਦਿੱਬ-ਜੋਤਿ ਮੂਰਤੀ ਦੀ ਲਤੀਫ਼-ਕ੍ਰਾਂਤੀ-ਜੋਤਿ-ਕਿਰਣ ਦਾ ਨਾਮ ਅਭਿਆਸ ਕਮਾਈ ਦੁਆਰਾ ਗੁਰਮੁਖਾਂ ਦੇ ਘਟ ਅੰਦਰ ਪ੍ਰਗਟ ਹੋਣਾ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦੰਤਰ ਪਰਵੇਸ਼ ਹੋਣਾ ਹੈ। ਨਾਮੁ, ਪੂਰਨ ਗੁਰਮਤਿ ਜੋਗ ਜੁਗਤਿ ਦੁਆਰਾ ਅਗਾਧ ਅਭਿਆਸ ਕਮਾਈ ਦੇ ਸੁਆਸ ਗਿਰਾਸੀ ਬਿਲੋਵਨ ਕਰਿ, ਘਟ ਅੰਤਰ ਬਿਲੋਇਆ ਹੋਇਆ, ਅਚਰਜ ਜੋਤਿ ਰਸ ਵਿਗਾਸੀ ਨਿਰਮੋਲਕ ਹੀਰਾ ਹੋ ਕੇ ਪਾਰਸ ਮਣੀ, ਅਣੀ ਕਣੀ ਕਰਿ, ਰੋਮ ਰੋਮ ਅੰਦਰ ਪਰੋਤਾ ਜਾਂਦਾ ਹੈ। ਇਹੁ ਮਨ ਤਨ ਹੀਅੜਾ ਬੇਧੀ, ਜੋਤਿ ਮਣੀਆ, ਰਸ-ਤੇਜ ਕਿਰਣ ਕਣੀਆ ਅਤੇ ਬਿਸਮ ਆਭਾ ਅਦੋਤ ਅਣੀਆਲੇ ਅਣੀਆ, ਨਾਮ ਗੁਰਮੰਤ੍ਰ ਗੁਰਸ਼ਬਦ, ਵਾਹਿਗੁਰੂ ਜੋਤੀ ਸਰੂਪ ਦੇ ਚਰਨ ਕੰਵਲ ਦਾ ਰਿਦ ਪਰਵੇਸ਼ੀ ਅਤੇ ਜੋਤਿ ਪ੍ਰਜੁਲਤੀ ਪਰਤੱਖ ਝਲਕਾ ਹੈ। ਗੁਰਵਾਕ—

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਧਿਓ ਪਾਲ ॥੨॥੭॥ (ਪੰਨਾ ੬੮੭)

ਭਾਵ "ਸਤਿਗੁਰ ਸਬਦਿ ਉਜਾਰੋ ਦੀਪਾ" (੮੨੧) ਰੂਪੀ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਪੱਲੇ ਗੰਠ ਬੰਨ੍ਹ ਕੇ ਉਤਾਰ ਲਿਆ ਹੈ, ਗੁਰੂ ਨਾਨਕ ਸਾਹਿਬ ਦੇ ਘਰ ਦੇ ਅਭਿਆਸ ਕਮਾਈ ਵਾਲੇ ਚਰਨ ਕੰਵਲ ਅਨੁਰਾਗੀਆਂ ਨੇ। ਚੂੰਕਿ ਇਹ ਗੁਰਸ਼ਬਦ (ਨਾਮ, ਗੁਰਮੰਤਰ) ਅਭਿਆਸੀ ਜਨਾਂ ਦੇ ਹਿਰਦੇ ਅੰਦਰ ਰਸ-ਜੋਤਿ ਵਿਗਾਸੀ ਅਤੇ ਦਿਬ ਜੋਤਿ ਕ੍ਰਾਂਤੀ ਸੂਖਮ ਚਰਨ ਕੰਵਲਾਂ ਦਾ ਪ੍ਰਤਿਬਿੰਬਕ ਅਤੇ ਪ੍ਰਕਾਸ਼ਕ ਹੈ, ਤਾਂ ਤੇ ਗੁਰਬਾਣੀ ਅੰਦਰ ਵਾਹਿਗੁਰੂ ਦੇ ਚਰਣ ਕੰਵਲਾਂ ਦਾ ਪ੍ਰਤਿਪਾਦਕ 'ਗੁਰਮੰਤਰ' ਗੁਰਸ਼ਬਦ ਹੀ ਮੰਨਿਆ ਜਾਂਦਾ ਹੈ। ਗੁਰਸ਼ਬਦ (ਗੁਰਮੰਤਰ ਨਾਮ) ਦੀ ਅਗਾਧ ਅਭਿਆਸ ਕਮਾਈ ਦੁਆਰਾ ਜਦੋਂ ਹਿਰਦੇ ਅੰਦਰਿ ਜੋਤਿ ਪ੍ਰਗਟ ਹੁੰਦੀ ਹੈ, ਤਾਂ ਇਹ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਪਹਿਲਾ ਅਨੂਪਮੀ ਦਰਸ਼ਨ ਘਟ ਅੰਤਰ ਹੀ ਪ੍ਰਾਪਤ ਹੁੰਦਾ ਹੈ। ਸੋ ਜੋਤਿ ਕ੍ਰਾਂਤੀ ਚਰਨ ਕੰਵਲਾਂ ਦਾ ਰਿਦੇ ਅੰਦਰ ਧਾਰਨਾ, ਅਰਥਾਤ ਪ੍ਰਗਟ ਜੋਤਿ ਮਣੀ ਕ੍ਰਿਣ-ਕਣੀ ਵਾਲਾ ਜੋਤਿ-ਜਲਵਨੀ-ਚਮਤਕਾਰ ਨਿਹਾਰਨਾ ਵਾਹਿਗੁਰੂ ਜੋਤੀ ਸਰੂਪ ਦੇ ਪਰਤੱਖ ਦਰਸ਼ਨਾਂ ਅਤੇ ਸਮੀਪੀ ਸਾਂਗੋ ਪਾਂਗ ਮਿਲਾਪ ਦੇ ਮੇਲ ਅਗਵਾਇਨੀ ਨੀਸ਼ਾਨੀ ਹੈ। ਜਿਹਾ ਕਿ ਗੁਰਵਾਕ ਹੈ :—

ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥੧੭॥

ਆਸਾ ਮਹਲਾ ੫, ਪੰਨਾ ੩੭੫

ਜਿਨ੍ਹਾਂ ਦੇ ਰਿਦੰਤਰਿ ਜੋਤਿ ਕਿਰਣ ਭੋਇਣੀ ਚਰਨ ਕੰਵਲਾਂ ਦੇ ਦਾਮਨ ਚਮਤਕਾਰ ਨਹੀਂ ਹੋਏ, ਉਹਨਾਂ ਨੂੰ ਸਮਝ ਲਵੋ ਕਿ ਵਾਹਿਗੁਰੂ ਅਕਾਲ ਪੁਰਖ ਦਾ ਦਰਸ ਮਿਲਾਪ ਹੋਣਾ ਅਤੀ ਕਠਨ ਅਤੇ ਅਸੰਭਵ ਹੈ। ਗੁਰਮਤਿ ਗੂੜ੍ਹ ਤਤ ਪ੍ਰਮਾਰਥੀ ਅਕਾਲ ਪੁਰਖੁ ਵਾਹਿਗੁਰੂ ਦੇ ਦਰਸ-ਮਿਲਾਪ ਦੀ ਗੁਰਮਤਿ ਗੂੜ੍ਹ ਗਿਆਨ-ਪ੍ਰਮਾਰਥੀ-ਤੱਤ-ਵਿਲੱਖਣਤਾ ਏਥੇ ਗੁਰ-ਗੰਮ-ਵਿਗਿਆਨੀ ਲਤੀਫ਼ਤਾ ਦੇ ਗੁਪਤ ਭੇਦ ਵਿਚਿ ਹੈ ਕਿ ਵਾਹਿਗੁਰੂ ਦੇ ਤੁਰੀਆ ਗੁਣੀ ਨਿਰਗੁਣ ਸਰੂਪ ਦੇ ਜੋਤਿ ਜਲਵਨੀ ਦਰਸ਼ਨ ਹੁੰਦੇ ਹਨ ਤਾਂ ਅੰਦਰੋਂ ਘਟੰਤਰੋਂ ਹੀ ਹੁੰਦੇ ਹਨ,



www.AKJ.Org

ਬਾਹਰੋਂ ਨਹੀਂ ਹੁੰਦੇ। ਜੋਤੀ ਜੋਤਿ ਬੇਧੀਅੜੇ, ਹੀਰੇ ਹੀਰ ਬਿਧੰਨੇ ਦਰਸ਼ਨਾਂ ਦਾ ਦਿਬ-ਜੋਤਿ ਲਤੀਫ਼ੀ ਅਨੰਦ ਅੰਤਰਗਤਿ ਹੀ ਮਾਣ ਹੁੰਦਾ ਹੈ ਅਤੇ ਬਿਸਮ ਰੰਗਾਂ ਵਿਚ ਅੰਤਰਗਤਿ ਹੀ ਸਹਿਜ ਸਮਾਨ ਹੁੰਦਾ ਹੈ। ਪਰ ਇਸ ਚਰਨ ਕਮਲ ਅਨੂਪ ਗੁਰ-ਸ਼ਬਦ ਰੂਪੀ ਹਰਿ ਸੰਤ ਮੰਤ ਨੂੰ ਕੋਈ ਵਿਰਲਾ ਗੁਰੂ ਘਰ ਦਾ ਗੁਰਮੁਖ ਸਿਖ ਸਾਧੂ ਹੀ ਜੋਤਿ ਪ੍ਰਜੁਲਤ ਕਰਨੀ ਕਮਾਈ ਵਿਚ ਲਟਾ-ਪੀਂਘ ਹੋ ਕੇ ਲਗਦਾ (ਜੁਟਦਾ) ਹੈ। ਕੋਈ ਐਸਾ ਵਡਿਭਾਗੀ ਗੁਰਮੁਖ ਪਿਆਰਾ ਹੀ ਹੈ ਜੋ ਏਹਨਾਂ ਚਰਨ-ਕੰਵਲ-ਵਿਗਾਸੀ-ਜੋਤਿ-ਕ੍ਰਿਸ਼ਮਨੀ-ਦਰਸ਼ਨਾਂ ਨੂੰ ਦਰਸਾਵਨ ਹਿਤ ਸਾਧ ਸੰਗਿ-ਗੁਰ-ਗੁਫ਼ਾ ਵਿਚ ਬਹਿ ਕੇ ਜਾਗਣ ਕਰਦਾ ਹੈ (ਰਾਤ-ਜਾਗੇ ਝਾਗਦਾ ਹੈ) ਅਤੇ ਰਿਦ ਜੋਤਿ ਪ੍ਰਜੁਲਤ ਕਰ ਕੇ ਭੀ ਜਾਗਣ ਜਾਗ੍ਰਤਾਈਆਂ ਦੇ ਅਥਾਹ ਆਤਮ ਰੰਗ ਮਾਣਦਾ ਹੈ, ਸੋਈ ਭਾਵ ਇਸ ਅਗਲੇਰੇ ਗੁਰਵਾਕ ਅੰਦਰਿ ਪ੍ਰਗਟ ਹੈ :

ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੇ ਸਾਧੂ ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥ (ਪੰਨਾ ੩੮੦)

ਨਾਮ-ਅਹਾਰੀ ਅਭਿਆਸੀ ਜਨਾਂ ਨੂੰ ਅਭਿਆਸ ਕਮਾਈ ਦੁਆਰਾ, ਗੁਰਸ਼ਬਦ ਦਾ ਆਧਾਰ ਐਸਾ ਆਤਮ ਆਨੰਦੀ ਹੋ ਜਾਂਦਾ ਹੈ, ਮਾਨੋ ਕਿ ਓਹ ਸ਼ਬਦ ਪ੍ਰਜੁਲਤੀ ਜੋਤਿ ਕ੍ਰਿਣ-ਕ੍ਰਾਂਤੀ ਚਰਣ ਕੰਵਲਾਂ ਨੂੰ ਘੁਟ ਘੁਟ ਕੇ ਹਿਰਦੇ ਨਾਲਿ ਲਾਈ ਰਖਦੇ ਹਨ ਅਤੇ ਇਸ ਚਰਨ ਕੰਵਲਣੀ ਮਉਜ ਵਿਚ ਓਤਿ ਪੋਤਿ ਅੰਗ ਸੰਗ ਮਉਲੇ ਰਹਿੰਦੇ ਹਨ। ਉਹ ਵਾਹਿਗੁਰੂ ਜੋਤੀ ਸਰੂਪ ਨੂੰ ਖਿਨ ਖਿਨ ਆਪਣੇ ਸੰਗ ਸਾਥ ਹੀ ਓਤਿ ਪੋਤਿ ਵਸਿਆ ਜਾਣਦੇ ਲਖਦੇ, ਸਾਂਗੋ ਪਾਂਗ ਲਖਦੇ ਹਨ। ਅਤੇ ਲਿਵ-ਲੀਨ ਹੋ ਕੇ ਵਾਹਿਗੁਰੂ ਦੀ ਸਰਣ ਵਿਖੇ ਸਮਾਏ ਰਹਿੰਦੇ ਹਨ ਅਤੇ ਵਾਹਿਗੁਰੂ ਹਰੀ ਪਰਮਾਤਮਾ ਦਾ ਸਦਾ ਓਹਨਾਂ ਦੇ ਸਿਰ ਉਤੇ ਸਦ-ਰਹਿਮਤੀ ਹੱਥ ਰਹਿੰਦਾ ਹੈ। ਯਥਾ ਗੁਰਵਾਕ–

ਚਰਨ ਅਧਾਰੁ ਤੇਰਾ ਪ੍ਰਭ ਸੁਆਮੀ ਓਤਿ ਪੋਤਿ ਪ੍ਰਭੁ ਸਾਥਿ ॥
ਸਰਨਿ ਪਰਿਓ ਨਾਨਕ ਪ੍ਰਭ ਤੁਮਰੀ ਦੇ ਰਾਖਿਓ ਹਰਿ ਹਾਥ ॥੪॥੩੨॥ (ਪੰਨਾ ੫੦੩)

ਤਾਂ ਤੇ ਗੁਰਮਤਿ ਨਾਮ-ਅਭਿਆਸੀਆਂ ਦਾ ਨਾਮ ਸਿਮਰਨ ਰੂਪ ਅਰਾਧਣਾ, ਨਾਮੀ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਅਰਾਧਣਾ ਹੈ। ਉਹ ਇਸ ਗੁਰਸ਼ਬਦ ਸਿਮਰਨ ਰੂਪੀ ਚਰਨ ਕੰਵਲ ਹਿਰਦੇ ਅਰਾਧਨ ਕਰਿ, ਇਕ ਅਕਾਲ ਪੁਰਖ ਨਾਲ ਸਦਾ ਲਿਵ ਲਾਇ ਅਤੇ ਮੇਲ ਮਿਲਾਏ ਰਹਿੰਦੇ ਹਨ ਅਤੇ ਇਸ ਬਿਧਿ ਓਹ ਸਮਰੱਥ ਸੁਆਮੀ ਵਾਹਿਗੁਰੂ ਪਰਮਾਤਮ ਦੇਵ ਦੀ ਸਦਾ ਸਰਣਾਗਤ ਨਿਕਟ-ਵਰਤਤਾ ਦਾ ਆਨੰਦ ਮਾਣਦੇ ਹਨ। ਚੂੰਕਿ ਸਦਾ ਅਨੰਦ ਮੇਲ ਕੇਲ ਕਰਨਹਾਰਾ ਆਨੰਦੀ ਸਾਹਿਬ ਸਦਾ ਅਟੱਲ ਅਛੇਦ ਅਤੇ ਅਭੇਦ ਹੈ, ਤਾਂ ਤੇ ਉਸ ਆਨੰਦੀ ਸਾਹਿਬ ਦੇ ਮੇਲ ਕੇਲ ਦਾ ਆਨੰਦ ਹੁਲਾਸ ਭੀ ਅਟੱਲ ਅਛੇਦ ਅਭੇਦ ਹੈ। ਯਥਾ ਗੁਰਵਾਕ :–

ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ ॥
ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥੩॥ (ਗੂਜਰੀ ਮ: ੫, ੫੦੧)

ਚਰਨ ਕੰਵਲਾਂ ਦਾ ਸਦਾ ਸਦਾ ਰਸ-ਅਨੰਦ-ਹੁਲਾਸ ਮਾਨਣ-ਹਾਰੇ ਵਾਹਿਗੁਰੂ ਦੇ ਦਾਸ, ਸਦ ਸਦਾ ਹੀ ਚਰਨ ਕੰਵਲਾਂ ਦੀ ਮਉਜ ਵਿਚਿ ਰੰਗ ਰਤੜੇ ਰਹਿੰਦੇ ਹਨ, ਅਤੇ ਇਹ ਰੰਗ-ਚਲੂਲੇ ਓਹਨਾਂ ਦੇ ਕਦੇ ਭੀ ਉਤਰਦੇ ਉਖੜਦੇ ਨਹੀਂ। ਆਪਣੇ ਦਾਸਾਂ ਦਾ ਸਹਿਜ ਸੁਖ ਸਮੰਜਨ ਅਤੇ ਦੀਨ ਦੁਖ ਭੰਜਨ ਸੁਆਮੀ (ਅਕਾਲ ਪੁਰਖ) ਓਹਨਾਂ ਦੀ ਸਦ-ਆਤਮ-ਰੰਗ ਰਹਾਵਨੀ ਪੈਜ ਰਖਦਾ ਹੈ। ਇਸ ਬਿਧਿ ਨਦਰ ਨਿਹਾਲਤਾ ਵਾਲੀ ਆਤਮ ਰੰਗਣ ਵਿਚ ਰੰਗੀਜ ਕੇ ਚਰਨ-ਕੰਵਲ-ਰੰਗ-ਰਤੜੇ ਰੰਗੀਸ਼ਰ ਦਾਸ ਸਦਾ ਉਸ ਦੇ ਭਾਣੇ ਵਿਚਿ ਹੱਸ ਵਿਗੱਸ ਕੇ ਮਸਤ ਰਹਿੰਦੇ ਹਨ। ਅਤੇ ਸਹਿਜ ਸੁਰਖ਼ਰੂਈ ਦਾ ਸਿਰੋਪਾਉ ਲੈ ਕੇ ਦਰਗਹਿ ਪੈਧੇ ਜਾਂਦੇ ਹਨ। ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :–

ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥
ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ ॥੨॥ (ਗੂਜਰੀ ਮ: ੫, ੫੦੦)


www.AKJ.Org

ਅਜਿਹੇ ਬਖਸ਼ੇ ਹੋਏ ਹਰਿ ਦਰਿ ਪੈਧੇ ਗੁਰਮੁਖ ਦਾਸ ਜਨ ਪ੍ਰਗ ਪਹੁੰਚ ਕੇ ਭੀ ਇਸ ਬਿਧਿ ਬੇਨਤੀਆਂ (ਅਕਾਲ ਪੁਰਖ ਅੱਗੇ) ਕਰਦੇ ਹਨ। ਯਥਾ ਗੁਰਵਾਕ–

ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥ ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥ ਠਾਕੁਰ ਜਾ ਸਿਮਰਾ ਤੂੰ ਤਾਹੀ ॥ ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥੧॥ਰਹਾਉ॥ ਸਾਸਿ ਸਾਸਿ ਤੇਰਾ ਨਾਮੁ ਸਮਾਰਉ ਤੁਮ ਹੀ ਕਉ ਪ੍ਰਭ ਆਹੀ ॥ ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥੨॥੧੧॥੧੯॥

(ਗੂਜਰੀ ਮਹਲਾ ੫, ਪੰਨਾ ੪੯੯)

ਅਤੇ ਇਸ ਬਿਧ ਬਿਨੈ ਜੋਦੜੀ ਕਰਨ ਦਾ ਵਲ ਸੁਚੱਜ ਸਿਖਾਉਂਦੇ ਹਨ :–

ਹੇ ਦਾਤਾਰ ! ਵਾਹਿਗੁਰੂ ! ਤੂੰ ਸਭਨਾਂ ਜੀਆਂ ਦਾ ਦਾਨ-ਦਾਤਾ ਹੈਂ। ਕਿਰਪਾ ਕਰ ਕੇ ਜੀਆ ਦਾਨ ਵਾਲੀ ਦਾਤਿ ਆਪਣੇ ਮੰਗਤ ਜਨ ਨੂੰ ਦੇਹੋ ਜੀ। ਅਤੇ ਛਿਨ ਛਿਨ ਨਾਮ ਅਭਿਆਸ ਕਮਾਈ ਵਾਲੀ ਅਮੋਘ ਦਾਤਿ ਬਖਸ਼ ਕੇ ਹਰ ਦਮ ਮੇਰੇ ਹਿਰਦੇ ਵਿਖੇ ਵਸੇ ਰਹੋ ਜੀ। ਇਙ ਕਦੇ ਨ ਵਿਸਰਨ ਵਾਲੇ ਛਿਨ ਛਿਨ ਨਾਮ ਅਭਿਆਸੀ ਕਸ਼ਫ਼ ਕਮਾਲ ਕਮਾਈ ਦੇ ਪਰਤਾਪ ਕਰਿ, ਰਸ-ਜੋਤਿ-ਕ੍ਰਿਣ-ਕ੍ਰਿਸ਼ਮੀ ਅੰਮ੍ਰਿਤਧਾਰਾ, ਜੋ ਘਟ ਅੰਤਰਿ ਝਿਮਿ ਝਿਮਿ ਵਰਸੇਗੀ, ਓਹ ਵਾਹਿਗੁਰੂ ਜੋਤੀ ਸਰੂਪ ਦੇ ਅਮਿਉ ਚਰਨ ਕਵਲਾਂ ਦਾ ਅੰਤਰਿ-ਆਤਮੇ ਵੁਠਣਾ ਹੈ। ਜਦੋਂ ਇਸ ਬਿਧ ਅਮਿਉ ਝਕੋਲਨੇ, ਜੋਤਿ ਝਿਮਕੋਲਨੇ, ਰਸ ਦਾਮਨ ਦਮਕੰਨੇ, ਜਲਵ ਜਗੰਨੇ ਨਾਮ ਰਤਨ ਰੂਪੀ ਪਾਰਸ ਚਰਨ ਕੰਵਲਾਂ ਦਾ ਰਿਦ ਮਾਹਿ ਸਮਾਵਨਾ ਹੁੰਦਾ ਹੈ, ਤਿਥੇ ਤਦੋਂ–

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ (ਜੈਤਸਰੀ ਮ: ੫–੭੦੨)

ਦੇ ਭਾਵ ਅਨੁਸਾਰ ਭਰਮ ਅਗਿਆਨ ਅੰਧਾਰ ਮਈ ਧੁੰਦ ਗੁਬਾਰ ਸਭ ਮਿਟ ਜਾਂਦਾ ਹੈ। ਤ੍ਰੈਗੁਣੀ ਗੁਣਾਂ ਦਾ ਗਿਆਨ ਭੀ ਅਗਿਆਨ-ਮਈ ਭਰਮ ਅੰਧੇਰਾ ਹੀ ਹੈ। ਜਦੋਂ ਨਾਮ-ਰਤੰਨੜਾ, ਜੋਤਿ ਜਗੰਨੜਾ, ਦ੍ਰਿਸ਼ਟ ਅਗੰਮੜਾ ਭਾਨ ਘਟ ਅੰਤਰਿ ਪਰਗਾਸ ਹੁੰਦਾ ਹੈ ਤਾਂ ਉਥੇ ਇਸ ਨਾਮ ਜੋਤਿ-ਪ੍ਰਕਾਸ਼ ਦੇ ਅਗੇ, ਇਸ ਦ੍ਰਿਸ਼ਟਮਾਨ ਸੂਰਜ ਸਾਰਖੇ ਕੋਟਾਨ ਕੋਟ ਸੂਰਜਾਂ ਦਾ ਚਾਨਣਾ ਭੀ ਮਾਤ ਹੈ। ਐਸੇ ਮੇਰੇ ਰਿਦ-ਵਿਗਾਸੀ-ਚਰਨ-ਕੰਵਲਾਂ ਦੇ ਜੋਤਿ ਬਿਜਲਾਰੀ ਚਾਨਣੇ ਦੀ ਮਹਿਮਾ ਹੈ। ਨਾਮ ਦਾ ਸਿਮਰਨ ਹੀ, ਇਹ ਜੋਤਿ-ਜਗਨਾਰੀ-ਭਾਨ ਉਦੇ ਕਰਾਉਂਦਾ ਹੈ ਅਤੇ ਹਿਰਦੇ ਅੰਦਰਿ ਕਰਾਉਂਦਾ ਹੈ। ਤਾਂ ਤੇ ਇਹ ਸਿਮਰਨ ਦੀ ਪਾਰਸ ਕਲਾ ਵਾਲਾ ਨਾਮ ਕੀ ਹੈ ? ਚਰਨ ਕੰਵਲ ਜੋਤਿ-ਭਾਨ ਪ੍ਰਕਾਸ਼ੀ ਚਸ਼ਮਾ ਹੈ। ਇਸ ਰਸ-ਜੋਤਿ-ਕ੍ਰਿਸ਼ਮ ਕਲਾ ਅੰਦਰਿ ਕਮਾਇਆ ਹੋਇਆ ਨਾਮ ਜਦੋਂ ਭੀ, ਜਿਸ ਛਿਨ ਭੀ ਸਿਮਰਨ-ਸਾਵਧਾਨਤਾ ਪ੍ਰਾਪਤ ਕਰਦਾ ਹੈ, ਤਦੋਂ ਹੀ, ਤਿਸ ਛਿਨ ਅੰਤਰਿ ਹੀ ਨਾਮ ਨਾਮੀ ਅਭੇਦ ਵਾਹਿਗੁਰੂ ਸਾਕਸ਼ਾਤ ਹੋ ਕੇ ਸਨਮੁਖ ਆਨਿ ਖਲੋਂਦਾ ਹੈ। ਤਾਹੀਂ ਤਾਂ ਉਪਰਲੇ ਵਾਕ ਅੰਦਰ ਇਉਂ ਉਚਾਰਨ ਹੋਇਆ ਹੈ–"ਠਾਕੁਰ ਜਾ ਸਿਮਰਾ ਤੂੰ ਤਾਹੀ"। ਹੇ ਠਾਕੁਰ ! ਜਦੋਂ ਭੀ ਮੈਂ ਤੈਨੂੰ ਸਿਮਰਦਾ ਹਾਂ, ਤਦੋਂ ਹੀ, ਤਿਸ ਛਿਨ ਹੀ ਤੂੰ ਹਾਜ਼ਰ ਨਾਜ਼ਰ ਨੂਰ ਜ਼ਹੂਰ ਆ ਦਿਖਾਉਂਦਾ ਹੈਂ। ਤਾਂ ਤੇ ਹੇ ਮੇਰੇ ਪ੍ਰਭੂ ਪਰਮਾਤਮਾ ! ਹੇ ਮੇਰੇ ਸਾਰਿਆਂ ਨੂੰ, ਸਰਬ ਸ੍ਰਿਸ਼ਟੀ ਨੂੰ ਪ੍ਰਤਿਪਾਲਣ-ਹਾਰੇ ! ਐਸੀ ਕਿਰਪਾ ਕਰ ਕਿ ਮੈਂ ਤੇਰ ਇਸ ਪਾਰਸ-ਪਰਤਾਪੀ-ਸਿਮਰਨ ਨੂੰ ਸਦਾ ਸਦਾ ਸਦ ਹੀ ਸਲਾਹਾਂ, ਇਕ ਨਿਮਖ ਭੀ ਕਦੇ ਨਾ ਛਡਾਂ। ਛਿਨ ਛਿਨ ਤੇਰੀ ਹੀ ਬਿਸਮ ਰਸਾਈ ਦੀ ਸਿਫਤਿ ਸਲਾਹ ਕਰੀ ਜਾਵਾਂ। ਸੁਆਸਿ ਸੁਆਸਿ ਤੇਰੇ ਹੀ ਨਾਮ ਦਾ ਸਿਫਤਿ-ਸਾਲਾਹੀ ਸਿਮਰਨ ਸਮਾਰਨ ਕਰੀ ਜਾਵਾਂ, ਅਤੇ ਮੈਨੂੰ ਸਦਾ ਤੇਰੇ ਸਿਮਰਨ ਦਾ, ਤੇਰੀ ਦਰਸ-ਲੋਚਨੀ ਸਿਫਤਿ ਸਾਲਾਹ ਦਾ ਆਹਰ ਹੀ ਬਣਿਆ ਰਹੇ। ਬਸ ! ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿਫਤਿ-ਸਾਲਾਹੀ ਰਸ-ਜੋਤਿ-ਵਿਗਾਸੀ ਅਭਿਆਸੀ ਜਨਾਂ ਨੂੰ ਇਕ ਕਰਤੇ ਪੁਰਖ ਦੀ ਹੀ ਸਰਧਾ-ਭਰੋਸਨੀ ਟੇਕ ਹੈ। ਬਸ ! ਉਹਨਾਂ ਨੇ ਇਕ ਗੁਰੂ ਕਰਤਾਰ ਦੀ ਆਸ ਤੋਂ ਵਿਹੂਣ ਹੋਰ ਦੂਤੀਆ ਆਸ ਬਿਗਾਨੜੀ ਲਾਹ ਛੱਡੀ ਹੈ।

ਨਾਮ ਸਿਮਰਨ ਰੂਪੀ ਜਪ ਜਾਪ ਕਮਾਈ ਦਾ ਐਸਾ ਪਰਤਾਪ ਹੈ ਕਿ ਵਾਹਿਗੁਰੂ ਨਾਮ ਦੀ ਸੁਆਸ



www.AKJ.Org

ਸੁਆਸ ਸਿਮਰਨ ਰੂਪੀ ਸੇਵਾ ਨਾਮ ਸਿਮਰਨਹਾਰੇ ਸੇਵਕ ਜਨ ਨੂੰ ਭਵ-ਸਾਗਰੋਂ ਪਾਰਿ ਉਤਾਰ ਦਿੰਦੀ ਹੈ ਅਤੇ ਦੀਨ ਦਇਆਲ ਪ੍ਰਭੂ ਪਰਮਾਤਮਾ ਦੀ ਐਸੀ ਕਿਰਪਾ ਹੋ ਜਾਂਦੀ ਹੈ ਕਿ ਬਹੁੜ ਬਹੁੜ ਜਨਮ ਧਾਰ ਕੇ ਉਸ ਨੂੰ ਲਖ ਚੁਰਾਸੀ ਜੂਨਾਂ ਦੇ ਗੇੜ ਵਿਚ ਪੈਣ ਦੀ ਜਮ-ਮਾਰ, ਜਮ-ਜੰਦਾਰ ਜਾਤਨਾ (ਦੰਡ) ਮਈ ਸਜ਼ਾਵਾਂ ਨਹੀਂ ਸਿਰ ਸਹਿਣੀਆਂ ਪੈਂਦੀਆਂ। ਸਤਿਸੰਗ ਸਮਾਗਮਾਂ ਵਿਚ ਪ੍ਰਸਪਰ ਰਲ ਮਿਲ ਬਹਿ ਕੇ ਗੁਰਬਾਣੀ ਰੂਪ ਗੁਣ ਗਾਉਣ ਕਰਿ, ਭਾਵ ਗੁਰਬਾਣੀ ਦਾ ਕੀਰਤਨ ਕਰਨ ਕਰਿ, ਮਾਨੁਖਾ-ਦੇਹ-ਧਾਰਨੀ ਰਤਨ ਜਨਮ ਅਜਾਈਂ ਨਹੀਂ ਜਾਂਦਾ, ਸਗੋਂ ਲੇਖੇ ਲਗ ਜਾਂਦਾ ਹੈ। ਹਾਰੀਦਾ ਨਹੀਂ, ਜਨਮ ਜਿਤ ਕੇ ਜਾਈਦਾ ਹੈ। ਵਾਹਿਗੁਰੂ ਦੇ ਗੁਣ ਗਾਵਣ ਦੀ, ਅਖੰਡ ਕੀਰਤਨ ਕਰਨ ਦੀ, ਇਹ ਪਾਰਸ-ਕਲਾ-ਕਮਾਲਣੀ ਮਹਿਮਾ ਹੈ ਕਿ ਇਸ ਬਿਖੇ-ਬਨ ਰੂਪੀ ਭਵਜਲ ਨੂੰ ਸੁਖੈਨ ਹੀ ਤਰ ਜਾਈਦਾ ਹੈ ਅਤੇ ਸਮੂਹ ਕੁਲਾਂ ਦਾ ਭੀ ਉਧਾਰ ਹੋ ਜਾਂਦਾ ਹੈ। ਵਾਹਿਗੁਰੂ ਨਾਮ ਦੇ ਸਾਸਿ ਗਿਰਾਸਿ ਉਚਾਰਨ ਕਰਨ ਕਰਿ ਵਾਹਿਗੁਰੂ ਦੇ ਚਰਨ ਕੰਵਲ ਰਿਦ ਭੀਤਰ ਬਸ ਜਾਂਦੇ ਹਨ ਅਤੇ ਬਸ ਕੇ ਧਸ ਜਾਂਦੇ ਹਨ। ਇਸ ਬਿਧਿ ਜਗਦੀਸ਼ਰ ਵਾਹਿਗੁਰੂ ਦੇ ਚਰਨ ਕੰਵਲ ਕੀ ਓਟ ਗਹਿ ਕੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਭਗਤ ਜਨ ਵਾਹਿਗੁਰੂ ਸਚੇ ਸਾਹਿਬ ਦੇ ਚਰਨ ਕੰਵਲਾਂ ਵਿਟਹੁ ਪੁਨਹ ਪੁਨਹ ਵਾਰਨੇ ਬਲਿਹਾਰਨੇ ਜਾਂਦੇ ਹਨ। ਇੰਨ ਬਿੰਨ ਸੋਈ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :—

> ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥ ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮ ਨਹੀ ਮਾਰਿਓ ॥੧॥ਰਹਾਉ॥ ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮ ਨਹੀ ਹਾਰਿਓ ॥ ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥੧॥ ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥ ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥੨॥੪॥੩੦॥
>
> ਮ: ੫, (ਪੰਨਾ ਪ੩੪)

ਵਾਹੁ ! ਵਾਹੁ ! ਧੰਨ ਚਰਨ ਕੰਵਲ ! ਰਿਦ ਭੀਤਰਿ ਬਸਨਹਾਰੇ ਚਰਨ ਕੰਵਲ ! ਰਿਦ ਭੀਤਰ ਚਰਨ ਕੰਵਲ ਬਸਣ ਕਰਿ,ਰਿਦ ਭੀਤਰ ਚਰਨ ਕੰਵਲਾਰੀ ਰਸ ਬੋਹ-ਬੋਹਾਰੀ ਕ੍ਰਿਣ ਪ੍ਰਕਾਸ਼ ਹੋਣ ਕਰਿ, ਵਾਹਿਗੁਰੂ ਦੇ ਪਰਤਖ ਦਰਸ਼ਨ, ਸਮੁਚੇ ਜੋਤਿ ਸਰੂਪੀ ਦਰਸ਼ਨਾਂ ਦਾ ਉਮਾਹ ਹੋਰ ਭੀ ਚਰਨ ਕੰਵਲ-ਬੋਹਾਰੀਆਂ ਦੇ ਹਿਰਦਿਆਂ ਅੰਦਰਿ ਉਮਗਾਉਂਦੇ ਹਨ ਅਤੇ ਉਹ ਇਹਨਾਂ ਚਰਨ-ਕੰਵਲਾਰੀ-ਦਰਸ਼ਨਾਂ ਤੋਂ ਹੀ ਬਲਿਹਾਰ ਹੋ ਹੋ ਜਾਂਦੇ ਹਨ। ਯਥਾ ਗੁਰਵਾਕ :—

> ਚਰਨ ਕਮਲ ਹਿਰਦੈ ਉਰਿ ਧਾਰੇ ॥ ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥ (ਵਡਹੰਸ ਮ: ੫—ਪ੬੩)

ਰਿਦ ਜੋਤਿ ਵਿਗਾਸੀ, ਰਸ ਕ੍ਰਿਣ ਭੋਆਸੀ ਚਰਨ ਕੰਵਲਾਂ ਦਾ ਦਰਸਾਰ ਹੀ ਰਸ-ਦਰਸ-ਭੁੰਚਾਰੀਆਂ ਨੂੰ ਖਿਨ ਖਿਨ ਖੀਵਾ ਰਖਦਾ ਹੈ, ਸਮੁਚੇ ਦਰਸ਼ਨਾਂ ਦੇ ਝਲਕਾਰ ਨੂੰ ਝਲਣਾ ਬੇ-ਓੜਕ ਵਿਸਮਾਦ ਜਨਕ ਹੈ। ਰਿਦਿ ਚਰਨ ਕੰਵਲ ਵਿਗਾਸੀ, ਰਸ-ਬਿਸਮ ਸੁਬਾਸੀ ਨਾਮ ਦੀ ਸੁਗੰਧ ਰਸ-ਰਮਨੀ-ਲਪਟ ਲੈ ਲੈ ਕੇ ਹੀ ਨਾਮ-ਰਸ-ਸੁਆਦ-ਬਿਸਮਾਦੀ-ਬਿਮਲ-ਜਨ ਹੋਰੋ ਹੋਰ ਨਾਮ ਜਪ ਜਾਪ ਅਭਿਆਸ ਕਮਾਈ ਵਿਚ ਲਿਪਤ, ਲਿਵ-ਖਿਵਤ ਹੋ ਹੋ ਪੈਂਦੇ ਹਨ। ਨਾਮ-ਰਸ ਜੋਤਿ ਪ੍ਰਕਾਸ਼ ਦਾ ਰਸ ਮਗਨ ਅਹਿਲਾਦੀ ਆਨੰਦ, ਕਮਲ-ਮਉਜਾਰੀਆਂ ਨੂੰ ਦਿਨ ਰੈਣ ਏਸੇ ਆਹਰ ਵਿਚ ਹੀ ਰਖਦਾ ਹੈ ਕਿ ਉਹ ਹੋਰ ਭੀ ਤਦਰੂਪ ਹੋ ਕੇ ਨਾਮ ਸਿਮਰਨ ਵਿਚ ਜੁਟ ਜਾਣ। ਜਿਉਂ ਜਿਉਂ ਉਹ ਜੁਟਦੇ ਹਨ, ਤਿਉਂ ਤਿਉਂ ਨਾਮ ਮਹਾਂ ਰਸ ਦੇ ਗਟਾਕ ਵਧ ਤੋਂ ਵਧ ਅੰਮ੍ਰਿਤ-ਬਿਸਮਾਦ ਦੇ ਸੁਆਦ ਰੰਗਾਂ ਵਿਚ ਪੀਂਦੇ ਹਨ ਅਤੇ ਚਰਨ ਕੰਵਲ ਦੀਆਂ ਮੌਜਾਂ, ਅਨੂਠੜੇ-ਆਤਮ-ਅਉਜਾਂ ਵਿਚ ਮਾਣਦੇ ਹਨ। ਯਥਾ ਗੁਰਵਾਕ:—

> ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ ॥ ਮਿਲਿ ਸਾਧ ਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥ ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥ ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥ (ਆਸਾ ਮਹਲਾ ੫, ਪੰਨਾ ੪੫੯)

ਨਾਮ ਸਿਮਰਦੇ ਹੋਏ ਹੀ ਦਿਨ ਰੈਣ ਦੀਆਂ ਸਾਰੀਆਂ ਘੜੀਆਂ ਸੁਹਾਵੜੀਆਂ ਹੁੰਦੀਆਂ ਹਨ। ਸਫਲੀਆਂ



www.AKJ.Org

ਹੀ ਨਹੀਂ, ਸੁਹਾਵੜੀਆਂ ਹੁੰਦੀਆਂ ਹਨ। ਨਾਮ ਨੂੰ ਸਿਮਰ ਸਿਮਰ ਕੇ ਜਦੋਂ ਚਲੂਲੜੇ ਆਤਮ ਰੰਗ ਖਿੜਦੇ ਹਨ, ਤਦੋਂ ਇਨ੍ਹਾਂ ਆਤਮ ਰੰਗਾਂ ਵਿਚ ਰੰਗੀਜੀ ਬਿਰਤੀ ਵਿਚ ਬਤੀਤੇ ਰੈਣ ਦਿਵਸ ਅਤਿ ਸੁਹਾਵੜੇ ਅਤੇ ਰਸ-ਭਿੰਨੜੇ ਹੋ ਜਾਂਦੇ ਹਨ। "ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ" ਵਾਲੇ ਗੁਰਵਾਕ ਦੇ ਭਾਵ ਵਾਲੇ ਹੋ ਜਾਂਦੇ ਹਨ। ਅੱਖੀਆਂ ਪ੍ਰੇਮ-ਕਸਾਈਆਂ ਅਤੇ ਅੰਮ੍ਰਿਤ-ਰਸ-ਰਮਨਾਈਆਂ ਹੋ ਜਾਂਦੀਆਂ ਹਨ। ਹਿਰਦਾ ਕੰਵਲ ਖਿੜ ਕੇ ਅੰਮ੍ਰਿਤ-ਰਸ-ਜੋਤਿ ਜਗੰਨਾ, ਮਹਾਂ ਅਨੰਦ ਸਾਦ ਸੁਪ੍ਰਸੰਨਾ ਹੋ ਜਾਂਦਾ ਹੈ। ਜਲਵ ਜਮਾਲ ਰਤੰਨੜੇ ਚਰਨ ਕਮਲਾਂ ਦਾ ਵਿਗਸ-ਵਿਗਾਸੀ ਨਿਵਾਸ ਹਿਰਦੇ ਨੂੰ ਹੋਰ ਭੀ ਪ੍ਰਫੁਲਤ ਕਰ ਦਿੰਦਾ ਹੈ। "ਚਰਣ ਕਮਲ ਸੰਗਿ ਪ੍ਰੀਤਿ" ਦਾ ਪ੍ਰੇਮ-ਖੇੜਾ ਅਤੇ ਪ੍ਰੀਤਿ-ਪਿਰੰਮੜੀ-ਰਸ-ਜਫੜੀਆਂ ਦਾ ਲਪਟ-ਲਪਟੇੜਾ ਏਸ ਅਨੂਪਮ ਆਤਮ ਬਿਵਸਥਾ ਵਿਚ ਹੀ ਖੇਡ ਕੇ ਬੱਝਦਾ ਹੈ। ਪ੍ਰੀਤਮ ਪ੍ਰਭੂ, ਪਰਮਾਤਮਾ ਅਤੇ ਪ੍ਰੀਤਮ ਮਨ-ਮੋਹਨੜੇ, ਘਟਿ ਸੋਹਨੜੇ, ਪ੍ਰਾਨ ਅਧਾਰੜੀਏ, ਸੁੰਦਰ ਸੋਭ ਅਪਾਰੜੀਏ, ਲਾਲ ਗੋਪਾਲ ਦਇਆਲ ਗੋਬਿੰਦ ਸੰਗਿ ਗੰਢਿ-ਪੀਡੜੀ-ਪ੍ਰੀਤਿ ਦੇ ਪ੍ਰਭਾਵ ਕਰਕੇ "ਕਲਮਲ ਪਾਪ ਟਰੇ", ਕਲੀਕਾਲ ਦੀ ਮੈਲ ਵਾਲੇ ਪਾਪ ਸਾਰੇ ਟਲ ਜਾਂਦੇ ਹਨ, ਦੂਖ ਭੂਖ ਦਲਿਦਰ ਸਭਿ ਨਠ ਜਾਂਦੇ ਹਨ ਅਤੇ ਪ੍ਰਮਾਰਥ ਦਾ ਕਸ਼ਫ ਕਸ਼ਾਫ਼ੀ ਪੁਨੀਤ ਮਾਰਗ ਪ੍ਰਗਟ ਪਾਹਾਰੇ ਰੌਸ਼ਨ ਜਾਪਣ ਲਗ ਪੈਂਦਾ ਹੈ।

ਸਾਧ ਸੰਗਮੀ ਮਿਲਾਪ ਕਰਕੇ ਨਾਮ ਰੰਗਨੀ ਆਤਮ ਇਨਕਸ਼ਾਫ਼ (ਜ਼ਹੂਰ) ਸਹਿਜੇ ਹੀ ਹੋਇ ਆਵੰਦਾ ਹੈ। ਲੋੜਿੰਦੜੇ ਜਾਨੀ ਪ੍ਰੀਤਮ ਸਾਜਨੜੇ ਸੁਆਮੀ ਵਾਹਿਗੁਰੂ ਨੂੰ ਪਾ ਲਈਦਾ ਹੈ ਅਤੇ ਤਿਸ ਜਾਨੀਅੜੇ ਦਾ ਸਾਂਗੋ ਪਾਂਗ ਦਰਸ ਦਰਸਾ ਲਈਦਾ ਹੈ, ਜਿਸ ਦਰਸ਼ਨ ਨੂੰ ਦੇਖ ਕੇ ਚਿਰਾਂ ਦੀ ਚਿਤਵੀ ਇਛਿਆ ਪੁਗ ਖਲੋਂਦੀ ਹੈ। ਇਸ ਬਿਧਿ ਇਛ-ਪੁੰਨੜੇ-ਚਰਨ-ਕੰਵਲ-ਮਉਜਾਰੀਆਂ ਅਤੇ ਦਰਸ਼ਨ-ਲਿਵ-ਮਗਨਾਰੀਆਂ ਦੀਆਂ ਸਾਰੀਆਂ ਕੁਲਾਂ ਭੀ ਤਰ ਜਾਂਦੀਆਂ ਹਨ ਤੇ ਉਹ ਖੁਦ ਉਸ ਲਿਵ ਬਿਵਸਥਾ ਵਿਚ ਭੀ ਦਿਨ ਰਾਤ ਨਾਮ ਸਿਮਰਨ ਦੇ ਆਨੰਦ ਵਿਚ ਮਫਤੂਨ ਰਹਿੰਦੇ ਹਨ। ਐਸੇ ਰਾਮ ਪਿਆਰੇ ਅਨਦਿਨ ਸਦਾ ਨਾਮ ਸਿਮਰਨ ਵਿਚ ਹੀ ਸਾਵਧਾਨ ਹੋ ਕੇ ਜਾਗਦੇ ਰਹਿੰਦੇ ਹਨ। ਅਤੇ ਓਹਨਾਂ ਦੇ ਹਿਰਦੇ ਚਰਨ ਕੰਵਲਾਂ ਦਾ ਧਿਆਨ ਹੀ ਰਹਿੰਦਾ ਹੈ। ਚਰਨ ਕੰਵਲਾਂ ਦਾ ਧਿਆਨ ਧਰਦੇ ਹੋਏ ਉਹ ਅਨੰਦ-ਅਹਿਲਾਦੀ-ਜਨ ਇਹੀ ਬੇਨਤੀਆਂ ਕਰਦੇ ਹਨ ਕਿ ਹੇ ਵਾਹਿਗੁਰੂ ! ਤੂੰ ਸਾਥੋਂ ਇਕ ਖਿਨ ਭੀ ਨਾ ਬਿਸਰ ਜਾਈਂ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :–

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭੁ ਬਿਸਰੁ ਨਾਹੀ ਇਕ ਖਿਨੋ ॥੧॥ [ਆਸਾ ਛੰਤ ਮ: ੫–੪੫੯

ਗੁਰਮਤਿ ਨਾਮ ਦਾ ਧਿਆਵਣਾ ਅਤੇ ਚਰਨ ਕੰਵਲਾਂ ਦਾ ਧਿਆਵਣਾ, ਨਾਮ ਦਾ ਜਪ ਸਿਮਰਨ ਕਰਨਾ ਅਤੇ ਚਰਨ ਕੰਵਲਾਂ ਦਾ ਜਾਪ ਸਿਮਰਨ, ਇਕੋ ਆਤਮ ਬਿਵਸਥਵੀ ਭਾਵ-ਅਰਥ ਰਖਦਾ ਹੈ। ਯਥਾ ਗੁਰਵਾਕ :–

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰੁ ਉਤਰਹਿ ਪਾਰਿ ॥੧॥੨੭॥
(ਮਾਰੂ ਮਹਲਾ ੫, ਪੰਨਾ ੧੦੦੬-੦੭)

ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ ਜਿਸੁ ਸਿਮਰਤ ਅਵਗੁਣ ਸਭਿ ਢਕੀਐ ।
ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥੧॥੩॥੧੯॥
[ਮਾਰੂ ਮਹਲਾ ੫, ਪੰਨਾ ੧੦੦੪

ਸੁਤੇ ਸਹਿਜ ਹੀ ਚਲਦਿਆਂ, ਤੁਰਦਿਆਂ, ਫਿਰਦਿਆਂ, ਉਠਦਿਆਂ, ਬਹਿੰਦਿਆਂ, ਸਉਂਦਿਆਂ, ਜਾਗਦਿਆਂ, ਸੁਤੇ ਹੋਏ ਭੀ, ਜਾਗਦੇ ਹੋਏ ਭੀ, ਹਿਰਦੇ ਅੰਦਰ ਜੋ ਗੁਰ-ਮੰਤਰ ਦਾ ਚਿਤਾਰਨਾ ਹੈ, ਇਹ ਚਰਨ ਕੰਵਲਾਂ ਨੂੰ ਅੰਤਰਿ-ਆਤਮੇ ਉਤਾਰਨਾ ਹੈ। ਹਿਰਦੇ ਅੰਦਰ ਉਤਰੇ ਹੋਏ ਰਸ-ਜੋਤਿ-ਪ੍ਰਤਿਬਿੰਬਤ ਚਰਨ ਕੰਵਲਾਂ ਦਾ ਸੁਰਤਿ-ਸ਼ਬਦ-ਅਭਿਆਸੀ, ਜੋਤਿ-ਵਿਗਾਸੀ ਧਿਆਨ ਧਰਨਾ ਅੰਤਰਿ ਆਤਮੇ ਅਮਿਉ ਅਹਿਲਾਦੀ ਆਨੰਦ ਭੁੰਚਣਾ ਹੈ। ਇਸ ਬਿਧਿ ਚਰਨ ਕੰਵਲਾਂ ਦਾ ਅਮਿਉ-ਰਸ-ਗਟਾਕੀ-ਧਿਆਨ, ਚਰਨ ਕੰਵਲਾਂ ਦਾ ਭਜਣਾ ਹੈ।



www.AKJ.Org

ਸੋਈ ਨਾਮ ਦਾ, ਰਸ-ਜੋਤਿ-ਪ੍ਰਕਾਸ਼ੀਏ ਨਾਮ ਦਾ ਜਪਣਾ ਹੈ। ਸੋਈ ਬਿਧਾਤਾ ਖਿਨ ਖਿਨ ਜਪ-ਅਭਿਆਸ ਵਿਚ ਆਇਆ ਸਭਿ ਭਰਮਾਂ ਤੇ ਅਉਗਣਾਂ ਨੂੰ ਦੂਰ ਕਰ ਦਿੰਦਾ ਹੈ ਅਤੇ ਸੋਈ ਉਰ-ਅੰਤਰ ਧਾਰੇ ਚਰਨ ਕੰਵਲਾਂ ਦਾ ਅੰਤਰਗਤ ਸਿਮਰਨ, ਧਿਆਨੁ, ਬਿਖਿਆ ਬਨ ਤੋਂ ਬੰਦ-ਖਲਾਸ ਕਰ ਕੇ ਜੀਵ-ਆਤਮਾ ਦਾ ਉਧਾਰ ਕਰਦਾ ਹੈ। ਚਰਨ ਕਮਲਾਂ ਦਾ ਰਸਕ-ਬੈਰਾਗੀ ਹੋਏ ਬਾਝੋਂ, ਇਹ ਬਿਖਿਆ-ਬਨ, ਬਿਖਿਆ-ਬਨ ਪ੍ਰਤੀਤ ਹੀ ਨਹੀਂ ਹੁੰਦਾ। ਸਗੋਂ :– ਅੰਮ੍ਰਿਤ ਕਉਰਾ ਬਿਖਿਆ ਮੀਠੀ ॥ (ਪੰਨਾ ੮੯੨)

ਗੁਰਵਾਕ ਦੇ ਭਾਵ ਅਨੁਸਾਰ ਬਿਖਈ ਜੀਵਾਂ, ਸਾਕਤ ਪੁਰਸ਼ਾਂ ਨੂੰ, ਬਿਖਿਆ ਹੀ ਮਿੱਠੀ ਲਗਦੀ ਹੈ ਅਤੇ ਅੰਮ੍ਰਿਤ ਸਗੋਂ ਕਉੜਾ ਲਗਦਾ ਹੈ। ਜਿਹਾ ਕਿ:–ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਣੈ ਕਰਿ ਕਉਰਾ॥(ਪੰਨਾ ੧੮੦)

ਜੋ ਜਨ ਚਰਨ ਕੰਵਲਾਂ ਦੇ ਰਸਕ ਰਸਾਲ ਮਉਜੀ ਭੰਵਰੇ ਬਣ ਗਏ ਹਨ, ਉਹਨਾਂ ਨੂੰ ਇਸ ਰਸ ਮਉਜ ਤੋਂ ਬਿਹੂਣ ਹੋਰ ਕੁਛ ਸੁਝਦਾ ਹੀ ਨਹੀਂ, ਉਹਨਾਂ ਦੀ ਇਸ ਚਰਨ ਕੰਵਲ ਰਸਾਲੜੀ ਅਮੀ ਮਖ਼ਮੂਰ ਦਸ਼ਾ ਵਿਚੋਂ ਅੱਖ ਹੀ ਨਹੀਂ ਉਘੜਦੀ। ਅਜਿਹੇ ਰਸਕ-ਰੀਸਾਲੂ ਚਰਨ-ਕੰਵਲ-ਰਿਦ-ਧਿਆਨੀਆਂ ਤੋਂ ਵਾਹਿਗੁਰੂ ਇਕ ਛਿਨ ਭੀ ਦ੍ਰਿਸ਼ਟ ਅਗੋਚਰ ਨਹੀਂ ਹੁੰਦਾ, ਨਿਮਖ ਭਰ ਭੀ ਅੱਖੀਆਂ ਤੋਂ ਲਾਂਭੇ ਨਹੀਂ ਹੁੰਦਾ ਅਤੇ ਸਦਾ ਹੀ ਜੀਅ ਸੰਗਿ ਬਸਦਾ ਹੈ। ਉਹਨਾਂ ਦੀ ਇਹ ਬਿਵਸਥਾ ਹੋ ਜਾਂਦੀ ਹੈ, ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਰਨਨ ਹੈ :–

ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥੧॥ਰਹਾਉ॥
ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥ ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥
ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥ ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥
੨॥੧॥੯॥ [ਕੇਦਾਰਾ ਮ: ੫, ਪੰਨਾ ੧੧੨੧

ਜਿਨ੍ਹਾਂ ਦੇ ਅੰਤਰ-ਆਤਮੇ ਚਰਨ ਰੀਸਾਲੜਿਆਂ ਦੀ ਗੰਢ ਬਝ ਗਈ, ਜੋ ਜਨ ਚਰਨ ਕੰਵਲਾਂ ਦੇ ਅੰਮ੍ਰਿਤ-ਰਸ ਵਿਚ ਸੁਰਤੀ ਬਿਰਤੀ ਕਰ ਕੇ ਗੁੰਨ੍ਹੇ ਗਏ, ਬਸ ! ਓਹਨਾਂ ਤੋਂ ਅਸਲ ਅਰਥਾਂ ਵਿਚ ਇਕ ਖਿਨ ਮਾਤਰ ਭੀ ਵਾਹਿਗੁਰੂ ਨਹੀਂ ਵਿਸਰਦਾ। ਵਿਸਰੇ ਕਿਵੇਂ :–"ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥" (੧੧੨੧) ਦੇ ਪ੍ਰਭਾਵ ਕਰਕੇ ਚਰਨ ਕੰਵਲਾਂ ਦੀ ਪ੍ਰੀਤਿ, ਵਾਹਿਗੁਰੂ ਦਰਸ਼ਨ ਦੀ ਪ੍ਰੀਤਿ ਮਹਾਂ ਪ੍ਰਬਲ ਪਈ ਹੋਈ ਹੁੰਦੀ ਹੈ। ਇਸ ਮਹਾਂ ਪ੍ਰਬਲ ਪ੍ਰੀਤਿ ਦੇ ਬਿਸਮ ਰਸ, ਅਮਿਉ ਸੁਆਦ-ਅਹਿਲਾਦ ਵਿਚ ਪਾਗ ਕੇ ਹੀ ਅਭਿਆਸੀ ਜਨ ਦੀ ਬਿਰਤੀ ਅਜਿਹੀ ਅਡੋਲ ਹੋ ਜਾਂਦੀ ਹੈ ਕਿ ਉਸ ਦੇ ਹੋਰ ਬਿਖੇ ਰਸ ਸਭ ਜਲ ਕੇ ਦਘਧ ਹੋ ਜਾਂਦੇ ਹਨ। ਜਿਸ ਤਰ੍ਹਾਂ ਚਾਤ੍ਰਿਕ ਮੇਘੋਂ ਉਪਜੀ ਬਰਸੀ ਸੁਆਂਤ ਬੂੰਦ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ, ਜਿਵੇਂ ਮਛਲੀ ਜਲ ਬਿਹੂਨ ਇਕ ਘੜੀ ਭੀ ਜੀਉਂਦੀ ਨਹੀਂ ਰਹਿ ਸਕਦੀ, ਜਿਵੇਂ ਹਿਰਨ ਨਾਦ ਸੁਣ ਕੇ ਐਉਂ ਮੋਹਿਆ ਜਾਂਦਾ ਹੈ ਕਿ ਜਿਵੇਂ ਓਹ ਤਿਖੇ ਤੀਰਾਂ ਨਾਲ ਬਿੰਨ੍ਹਿਆ ਹੋਇਆ ਹੁੰਦਾ ਹੈ, ਏਵੇਂ ਚਰਨ ਕੰਵਲ ਰਸਾਲ ਦੇ ਅਤਿ ਮਿੱਠੇ ਅੰਮ੍ਰਿਤ-ਰਸ ਨਾਲ ਕੰਵਲ-ਬੇਧਾਰੀਆਂ ਦਾ ਹਿਰਦਾ ਗੁੰਨ੍ਹਿਆ ਜਾਂਦਾ ਹੈ ਅਤੇ ਪੀਡੀ ਰਸ ਬੱਝਵੀਂ ਗੰਢ ਨਾਲ ਬੰਨ੍ਹਿਆ ਜਾਂਦਾ ਹੈ ਅਤੇ ਚੰਦ ਚਕੋਰ ਗਤ ਵਤ ਅਹਿਨਿਸ ਚਰਨ-ਕੰਵਲਾਰੀ-ਮਉਜ ਦਾ ਹੀ ਧਿਆਨੀ ਰਹਿੰਦਾ ਹੈ। ਇਸ ਆਤਮ ਅਰੂੜ ਅਵਸਥਾ ਵਿਖੇ ਉਹ ਇਉਂ ਕਹਿ ਕਹਿ ਅਨੰਦਤ ਹੁੰਦਾ ਹੈ :–

ਪੇਖਿ ਪੇਖਿ ਜੀਵਾ ਦਰਸੁ ਤੁਮਾਰਾ ॥ ਚਰਣ ਕਮਲ ਜਾਈ ਬਲਿਹਾਰਾ ॥੧॥ਰਹਾਉ॥ (ਪੰਨਾ ੭੪੩)

ਜਿਉਂ ਜਿਉਂ ਉਹ ਦਰਸ਼ਨ-ਸਉਜ ਦੀ ਮਉਜ ਵਿਚ ਮਗਨ ਹੁੰਦਾ ਹੈ, ਤਿਉਂ ਤਿਉਂ ਉਹ ਚਰਨ ਕੰਵਲਾਂ ਤੋਂ ਹੋਰ ਤੋਂ ਹੋਰ, ਵਧ ਤੋਂ ਵਧ, ਵਾਰਨੇ-ਬਲਿਹਾਰਨੇ ਜਾਂਦਾ ਹੈ। ਉਸ ਨੂੰ ਚਰਨ ਕੰਵਲਾਂ ਦੀ ਮਉਜ ਮਾਨਣ ਦਾ ਰਸ ਐਸਾ ਆਉਂਦਾ ਹੈ ਕਿ ਉਸ ਦੇ ਮੁਖੋਂ ਇਸ ਬਿਧਿ ਦੀਆਂ ਜੋਦੜੀਆਂ ਸੁਤੇ ਸੁਭਾਵ ਹੀ ਨਿਕਲਦੀਆਂ ਹਨ :–

ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਹਾਰੇ ॥ ਨਾਨਕ ਮਾਗੈ ਦਾਨੁ ਪਿਆਰੇ ॥੪॥੨੪॥੩੧॥
(ਸੂਹੀ ਮਹਲਾ ੫, ਪੰਨਾ ੭੪੩)

ਇਹ ਦਾਨ, ਦਾਤਾਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਗਤ ਜਨਾਂ ਦੀ ਅਤਿ ਉਚ ਉਚੇਰੀ ਜਾਚਨਾ ਹੈ ਕਿ


www.AKJ.Org

ਹੇ ਵਾਹਿਗੁਰੂ ! ਤੇਰੇ ਅਤਿ ਰਸ ਮਿੱਠੇ ਮਿਠੇਲੜੇ ਚਰਨ ਕੰਵਲ ਕਦੇ ਵੀ ਨਾ ਵਿਸਰਨ । ਸਦਾ ਹੀ ਆਦਿ ਅੰਤ ਚਰਨ ਕੰਵਲਾਂ ਦੀ ਮਉਜ ਹੀ ਬਣੀ ਰਹੇ । ਉਹਨਾਂ ਦਾ ਮਨ ਇਸ ਬਿਧਿ ਚਰਨ ਸਰਨ ਰਹਿ ਕੇ ਹੀ ਸਨਾਥ, ਸਫਲਾ ਅਤੇ ਭਾਗ ਸੁਲੱਖਣਾ ਹੁੰਦਾ ਹੈ । ਚਰਨ ਕੰਵਲਾਂ ਦੀ ਆਤਮ ਮਉਜ ਦੇ ਰੰਗਾਂ ਵਿਚ ਰੰਗੀਜ ਕੇ ਉਹ ਲਾਲ ਰਤੇ, ਲਾਲੋ ਲਾਲ ਹੋਏ ਰਹਿੰਦੇ ਹਨ, ਜੈਸਾ ਕਿ ਇਸ ਗੁਰ-ਪੰਗਤੀ ਦਾ ਭਾਵ ਹੈ :–

ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ (ਪੰਨਾ ੧੦੧੮)

ਇਸ ਬਿਧਿ ਪਰਮਾਤਮ ਦੇ ਰੰਗਾਂ ਵਿਚ ਲਾਲੋ ਲਾਲ ਹੋ ਕੇ ਉਹ ਚਰਨ ਕੰਵਲਾਂ ਨੂੰ ਹਰ ਦੰਮ ਹਿਰਦੇ ਅੰਦਰ ਵਸਾਈ ਰਖਦੇ ਹਨ । ਕਿਉਂ ਨਾ ਵਸਾਉਣ ! ਚਰਨ ਕੰਵਲਾਂ ਦਾ ਇਸ ਬਿਧਿ ਹੀਅਰੇ ਅੰਦਰਿ ਹਰ ਦੰਮ ਵਸਾਈ ਰਖਣਾ, ਉਹਨਾਂ ਦੇ ਜੀਐ ਦਾ ਆਧਾਰ ਹੋ ਜਾਂਦਾ ਹੈ । ਯਥਾ ਗੁਰਵਾਕ :–

ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩॥ (ਆਸਾ ਮਹਲਾ ੫, ਪੰਨਾ ੪੦੫)

ਇਸ ਆਤਮ ਅਵਸਥਾ ਵਿਚ ਉਹਨਾਂ ਦਾ ਸਿਮਰਨ ਜੀਵਨ ਰੂਪ ਹੋ ਜਾਂਦਾ ਹੈ । ਨਾਮ ਦਾ ਸਿਮਰਨ ਤੇ ਚਰਨ ਕੰਵਲਾਂ ਦਾ ਸਿਮਰਨ ਸਮਸਰ ਰੰਗਾਂ ਵਾਲਾ ਸਿਮਰਨ ਹੋ ਜਾਦਾ ਹੈ । ਨਾਮ ਦਾ ਸਿਮਰਨ ਹੀ ਚਰਨ ਕੰਵਲਾਂ ਦਾ ਸਿਮਰਨ ਹੈ ਅਤੇ ਚਰਨ ਕੰਵਲਾਂ ਦਾ ਸਿਮਰਨ, ਨਾਮ ਦਾ ਸਿਮਰਨ, ਇਕੋ ਹੀ ਅਕਥਨੀਯ ਗੱਲ ਬਣ ਜਾਂਦੀ ਹੈ । ਸੁਆਸਾਂ ਦੇ ਅਰਧ ਉਰਧੀ ਅਤੇ ਉਰਧ ਅਰਧੀ (ਹੇਠਾਂ ਉਤਾਹਾਂ ਤੇ ਉਤਾਹਾਂ ਹੇਠਾਂ ਦੇ) ਖੜਗ ਖੜਕੇਸਵੇਂ ਅਭਿਆਸ ਨਾਲ "ਹਰਿ ਕਾ ਬਿਲੋਵਨਾ" ਬਿਲੋਇ ਕੇ ਜਦੋਂ ਅਭਿਆਸੀ ਜਨ ਸਿਮਰਨ-ਰਸ-ਜੀਅਰਨੀ-ਜੀਉਣੀ ਜੀਂਦੇ ਹਨ ਤਦੋਂ ਉਹ ਵਾਸਤਵ ਵਿਚ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਪੀਂਦੇ ਹਨ–

ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥੧੧॥੧੭॥

(ਸੂਹੀ ਮ: ੫, ਪੰਨਾ ੭੪੦)

ਗੁਰਵਾਕ ਦਾ ਇਹ ਅਕਸ ਮਾਤ੍ਰ ਹੀ ਅਨੁਵਾਦ ਹੈ । ਉਸ ਦੀ ਤਤ ਅਵਸਥਾ ਦਾ ਵਰਣਨ ਅਤੀ ਕਠਿਨ ਹੈ । ਅੰਮ੍ਰਿਤ ਨਾਮ ਦੇ ਅਭਿਆਸ ਨਾਲ ਖਿਚਿਆ ਹੋਇਆ ਜੋ ਸੁਆਸ ਘਟਿ-ਨਾਭ ਅੰਦਰਿ ਰਹਾਂਵਦਾ ਹੈ, ਸੋ ਅੰਮ੍ਰਿਤ-ਰਸ ਦੀ ਜੋਤਿ-ਕ੍ਰਾਂਤੀ-ਪਿਚਕਾਰੀ ਬਣ ਕੇ ਅੰਤਰੋਂ ਹੀ ਰਸ ਵਿਗਾਸੀ ਹੋਇ ਕੇ ਲਹਿਰਾਵੰਦਾ ਹੈ ਅਤੇ ਫੇਰ ਘਟਿ-ਨਾਭ ਅੰਤਰੋਂ ਲਿਵ-ਸੁਰਤ ਰਹਾਇਆ ਰਸ-ਪਵਨ-ਝਕੋਲੜਾ ਸੁਆਸੁ ਅਮਿਉ-ਜੋਤਿ-ਰਤੰਨੜਾ ਅਤੇ ਭਰਿਆ ਭਕੁੰਨੜਾ ਉਰਧਗਾਮੀ ਹੋ ਕੇ ਜਦੋਂ ਉਪਰ ਨੂੰ ਖਿਚੀਂਦਾ ਹੈ, ਤਦੋਂ ਰਸਨ-ਰਸੰਨੜਾ ਹੋ ਕੇ ਵਿਗਸਦਾ ਹੈ । ਅਭਿਆਸੀ ਜਨ ਦਾ ਇਹ ਲਿਵਤਾਰੀ ਰਸ-ਸਿਮਰਨ ਅਭਿਆਸ-ਬਿਲੋਵਨਾ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਕੇ ਪਿਆਵਣਹਾਰਾ ਬਣ ਜਾਂਦਾ ਹੈ । ਸੋ ਜਿਉਂ ਜਿਉਂ ਅਭਿਆਸੀ ਜਨ ਸਿਮਰਨ ਰਸ ਨੂੰ ਪੀਵੰਦੇ ਹਨ, ਤਿਉਂ ਤਿਉਂ ਚਰਨ ਕੰਵਲਾਂ ਨੂੰ ਅੰਤਰ ਆਤਮੇ ਧੋਇ ਧੋਇ ਰਸੀਵੰਦੇ ਹਨ; ਚਰਨ-ਕੰਵਲ-ਰਸ-ਗਟਾਕ ਰੱਸ ਰੱਸ ਕੇ ਭੁੰਚੀਵੰਦੇ ਹਨ । ਨਾਮ ਅਭਿਆਸ ਦਾ ਹਰੇਕ ਰਸ ਪਉਨ ਖਿਚਵਾਂ ਅਰਧ ਉਰਧੀ ਸੁਆਸ ਅਤੇ ਰਸ ਰਸਨ ਬਿਲੋਵਨ ਬਿਲੋਇਨੀ ਅਭਿਆਸ, ਪਵਨ ਦਾ ਫੁਰਾਟ ਰਿਦੰਤਰਿ ਵਸੇ ਵਾਹਿਗੁਰੂ-ਚਰਨਾਂ ਨੂੰ ਧੋਇ ਧੋਇ ਪੀਆਵਨਹਾਰਾ ਹੈ । ਇਵੇਹੇ ਪਵਨ ਅਭਿਆਸ ਦਾ ਪੱਖਾ ਝੱਲ ਕੇ ਅਭਿਆਸੀ ਜਨ ਅੰਤਰ ਵਸੇ, ਰਸ ਰਸੇ ਪਿਰੀ ਪ੍ਰੀਤਮ ਦੇ ਪੈਰਾਂ (ਚਰਨ-ਕੰਵਲਾਂ) ਦਾ ਝਲਣਾ ਕਰਦੇ ਹਨ :–

ਲੇ ਪਖਾ ਪ੍ਰਿਆ ਝਲਉ ਪਾਇ ॥ (ਪੰਨਾ ੩੯੪)

ਗੁਰ-ਪੰਗਤੀ ਦੀ ਇਹ ਗੋਝ ਆਤਮ ਰਮੂਜ਼ ਰਮਜ਼ਾਇਨੀ ਵਿਆਖਿਆ ਦਾ ਪੇਖਿ-ਵਰਤਿਆ ਪ੍ਰਮਾਰਥ ਹੈ । ਸੋ ਨਾਮ-ਅੰਮ੍ਰਿਤ-ਰਸ-ਰਸੀਏ ਅਭਿਆਸੀ ਜਨ ਜਦੋਂ ਸੁਆਸ ਅਭਿਆਸ ਦਾ ਰਿੜਕਣਾ ਰਿੜਕਦੇ ਹਨ, ਓਦੋਂ ਨਾਲੇ ਤਾਂ ਉਹ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਪੀਵੰਦੇ ਹਨ ਅਤੇ ਨਾਲੇ ਵਾਹਿਗੁਰੂ ਦੇ ਚਰਨਾਂ ਨੂੰ ਪੱਖਾ ਕਰ ਕਰ (ਬੀਜਨ ਢੋਲਾਇ ਢੋਲਾਇ) ਵਿਗਸੀਂਵਦੇ ਹਨ । ਇਹ ਨ ਕੇਵਲ ਸਿਮਰਨ ਹੈ, ਸਗੋਂ ਚਰਨ ਕੰਵਲਾਂ ਦਾ ਸੇਵਨ ਭੀ ਹੈ । ਇਹ ਕੇਵਲ ਸਿਮਰਨ ਰਸ ਪੀਵਨ ਹੀ ਨਹੀਂ, ਬਲਕਿ ਚਰਨ ਕੰਵਲ ਲਿਵ ਖੀਵਨ ਹੈ । ਇਉਂ ਇਸ ਅਚਰਜ ਗੁਰਮਤਿ ਨਾਮ ਦੀ ਅਚਰਜ ਸਿਮਰਨ-ਰੀਤਿ-ਲਿਵ, ਸਿਮਰਨ-ਹਾਰੇ ਦੀ ਚਰਨ ਕੰਵਲ ਸੰਗਿ ਡੋਰੀ ਵਾਲੀ ਚਰਨ-ਕੰਵਲਾਰੀ-ਅਨੂਠੀ ਪ੍ਰੀਤਿ ਉਪਜਾਉਂਦੀ ਹੈ ਅਤੇ ਪ੍ਰੀਤਮ ਦਾ ਮਿਲਾਪ ਸੁਰੱਚਨੀ ਅੰਚਲਾ ਗਹਾਉਂਦੀ ਹੈ ।

[ਪੁਸਤਕ "ਚਰਨ ਕਮਲ ਦੀ ਮਉਜ" ਵਿਚੋਂ



www.AKJ.Org

# ਖੰਡੇ ਦਾ ਅੰਮ੍ਰਿਤ

[ਭਾਈ ਸੁਖਦੇਵ ਸਿੰਘ ਜੀ, ਪਿੰਡ ਜਾਣੀਆਂ, ਜ਼ਿਲਾ ਅੰਮ੍ਰਿਤਸਰ]

ਮਨੋਰਥ ਏ ਜ਼ਿੰਦਗੀ ਦਾ ਪਾਉਣਾ ਪ੍ਰਮਾਤਮਾ ਨੂੰ,
ਮਨ ਪਿਛੇ ਲਗ ਐਵੇਂ ਸਮਾਂ ਨਾ ਗਵਾਇਓ ਜੀ।
ਗੁਰਾਂ ਫੁਰਮਾਇਆ "ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਜੀ।
ਪ੍ਰੇਮ ਦੀ ਏ ਖੇਡ ਭਾਈ ਖੇਡ ਲਓ ਪ੍ਰੇਮ ਨਾਲ,
ਧਰ ਕੇ ਤਲੀ ਤੇ ਸੀਸ ਪ੍ਰੇਮ ਨਾਲ ਆਇਓ ਜੀ।
ਅੰਮ੍ਰਿਤ ਖੰਡੇ ਦਾ ਅਮਰ ਕਰ ਦੇਣ ਵਾਲਾ,
ਛਕਣਾ ਤਾਂ ਛਕ ਲਓ, ਨਾ ਫੇਰ ਪਛਤਾਇਓ ਜੀ।
ਪਹਿਲਾਂ ਛਕਿਆ ਆਪ ਗੁਰਾਂ ਨੇ ਫਿਰ ਇਹ ਰੀਤ ਚਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।

ਜੇਕਰ ਪਾਉਣੀ ਸਾਂਝ ਗੁਰਾਂ ਨਾਲ ਛੱਡੀਏ ਬਿਪਰਨ ਰੀਤਾਂ।
ਹੁਕਮ ਗੁਰਾਂ ਦਾ ਮੰਨੀਏ ਪਾਈਏ ਸਿੱਖੀ ਨਾਲ ਪ੍ਰੀਤਾਂ।
ਸੀਸ ਤਲੀ ਤੇ ਧਰਕੇ ਆ ਜਾਓ,ਜਿਸਨੇ ਆਉਣਾ ਭਾਈ।
ਅੰਮ੍ਰਿਤ ਖੰਡੇ ਦਾ, ਛਕ ਲਓ, ਛਕ ਲਓ ! ਭਾਈ।੧।

ਹੀਰੇ ਵਰਗਾ ਜਨਮ ਹੈ ਜਗ ਤੇ ਬਾਰਬਾਰ ਨਹੀਂ ਆਉਣਾ।
ਨਹੀਂ ਭਰੋਸਾ ਪਲ ਦਾ,ਸਾਹ ਆਉਣਾ ਕਿ ਨਹੀਂ ਆਉਣਾ।
ਬਿਨਾਂ ਗੁਰੂ ਤੋਂ ਗਤ ਨਹੀਂ ਹੁੰਦੀ,ਮੰਨ ਲਓ ਇਹ ਸਚਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੨।

ਇਹ ਅੰਮ੍ਰਿਤ ਦੀ ਦਾਤ ਹੈ ਐਸੀ, ਆਵਾਗਨ ਮਿਟਾਏ।
ਅੰਮ੍ਰਿਤ ਛਕ ਕੇ ਸਵਾ ਸਵਾ-ਲੱਖ ਨਾਲ ਯੋਧੇ ਟਕਰਾਏ।
ਇਸ ਅੰਮ੍ਰਿਤ ਦੀ ਸ਼ਕਤੀ ਨੇ, ਦੁਸ਼ਟਾਂ ਨੂੰ ਭਾਜੜ ਪਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੩।

ਬਚਿੱਤਰਸਿੰਘ ਨੇ ਅੰਮ੍ਰਿਤ ਛਕਕੇ ਹਾਥੀ ਅੱਗੇ ਲਾਇਆ।
ਭੱਜਾ ਜਾਂਦਾ ਆਪਣੀਆਂ ਫ਼ੌਜਾਂ ਦਾ ਕਰੇ ਸਫਾਇਆ।
ਜਿਨ੍ਹਾਂ ਭੇਜਿਆ ਲੜਨ ਲਈ, ਉਨ੍ਹਾਂ ਦੀ ਸ਼ਾਮਤ ਆਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੪।

ਅੰਮ੍ਰਿਤ ਛਕ ਕੇ ਮਨੀ ਸਿੰਘ ਨੇ ਬੰਦ ਬੰਦ ਕਟਵਾਇਆ।
ਐਪਰ ਮੁਖ ਤੋਂ 'ਸੀ'ਨਾ ਉਚਰੀ, ਦੁਸ਼ਟਾਂ ਜ਼ੋਰ ਲਗਾਇਆ।
ਅਡੋਲ ਸੂਰਮਾ ਬੈਠਾ ਮੁਖੋਂ ਜਾਂਦਾ ਬਾਣੀ ਗਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੫।

ਅੰਮ੍ਰਿਤ ਛਕ ਕੇ ਦੀਪ ਸਿੰਘ ਨੇ ਐਸਾ ਖੰਡਾ ਵਾਹਿਆ।
ਸੀਸ ਤਲੀ ਤੇ ਧਰ ਕੇ ਲੜਿਆ, ਕੀਤਾ ਪ੍ਰਣ ਨਿਭਾਇਆ।
ਦੁਨੀਆ ਮੌਤੋਂ ਡਰਦੀ ਏ, ਪਰ ਸਿੰਘਾਂ ਨੇ ਮੌਤ ਡਰਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੬।

ਅੰਮ੍ਰਿਤ ਛਕ ਕੇ ਧਰਮ ਲਈ ਕਈ ਜੀਂਦੇ-ਜੀ ਸੜ ਗਏ।
ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਚਰਖੀਆਂ ਤੇ ਚੜ੍ਹ ਗਏ।
ਹੱਸ ਹੱਸ ਕਸ਼ਟ ਸਹਾਰੇ ਜ਼ਿੰਦਗੀ ਧਰਮ ਦੇ ਲੇਖੇ ਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੭।

ਛੱਡ ਦੇਈਏ ਨਸ਼ਿਆਂ ਦਾ ਖਹਿੜਾ, ਮੀਟ ਮਸਾਲੇ ਖਾਣੇ।
ਗਾਈਏ ਸਤਿਗੁਰ ਜੀ ਦੀ ਬਾਣੀ, ਪਾਈਏ ਸਿਖੀ ਬਾਣੇ।
ਜੀਵਨ ਸਫਲ ਹੈ ਜਿਸਨੇ ਜ਼ਿੰਦਗੀ ਧਰਮ ਦੇ ਲੇਖੇ ਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੮।

'ਏਕੁ ਪਿਤਾ ਏਕਸ ਕੇ ਹਮ ਬਾਰਿਕ' ਗੁਰਾਂ ਗੱਲ ਸਮਝਾਈ।
ਅੰਮ੍ਰਿਤ ਛਕ ਕੇ ਸਾਰੇ ਇਕੋ ਦੇ ਲੜ ਲੱਗੀਏ ਭਾਈ।
ਉਪਦੇਸ਼ ਗੁਰਾਂ ਦਾ ਚਹੁੰ ਵਰਨਾਂ ਲਈ, ਸਾਂਝਾ ਸਮਝੋ ਭਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੯।

ਧਰਮ ਜਾਤ ਤੇ ਊਚ ਨੀਚ ਦਾ, ਨਹੀਂ ਵਿਤਕਰਾ ਕੋਈ।
ਸਭੇ ਉਸਦੇ, ਉਹ ਸਭਨਾਂ ਦਾ, ਇੱਕੋ ਸੱਚਾ ਸੋਈ।
'ਸੁਖਦੇਵ ਸਿੰਘਾ' ਨਿੱਤ ਸਿਮਰੀਏ ਵਾਹਿਗੁਰੂ ਭਾਈ।
ਅੰਮ੍ਰਿਤ ਖੰਡੇ ਦਾ ਛਕ ਲਓ ! ਛਕ ਲਓ ! ਭਾਈ।੧੦।



www.AKJ.Org

# ਭਾਈ ਡੱਲੇ ਦੀ ਪਰਖ

[ਭਾਈ ਰਾਜਿੰਦਰ ਸਿੰਘ ਜੀ, ਸਨਫਰਾਂਸਿਸਕੋ, ਕੈਲੀਫੋਰਨੀਆ, ਅਮਰੀਕਾ]

'ਤਲਵੰਡੀ ਸਾਬੋ' ਪਹੁੰਚ ਗਏ, ਮੇਰੇ ਕਲਗੀਆਂ ਵਾਲੇ।
ਡੱਲਾ ਅੱਗੋਂ ਜਾ ਮਿਲਿਆ, ਲੈ ਬੀਰ ਦੁਲਾਰੇ।
ਤਲਵੰਡੀ ਤੋਂ ਬਾਹਰ ਹੀ, ਗੁਰਾਂ ਲਾਏ ਡੇਰੇ।
ਸ਼ਾਮਿਆਨੇ ਤੰਬੂ ਲੱਗ ਗਏ, ਹੁਣ ਚਾਰ-ਚੁਫੇਰੇ।
ਕਮਰਕਸਾ ਸਤਿਗੁਰਾਂ ਖੋਲ੍ਹ ਕੇ ਤਦੋਂ ਇਉਂ ਅਲਾਇਆ :
" 'ਦਮਦਮਾ ਸਾਹਿਬ' ਹੈ ਖਾਲਸਾ"! ਮੁਖੋਂ ਫੁਰਮਾਇਆ।
ਭਾਈ ਡੱਲੇ ਨੇ ਇਕ ਦਿਨ, ਸੀ ਇਹ ਅਰਜ਼ ਗੁਜ਼ਾਰੀ।
"ਵਿਦਾ ਕਰੋ ਮੇਰੇ ਸਤਿਗੁਰੂ, ਸਭ ਤਨਖਾਹਦਾਰੀ।"
ਪ੍ਰਸ਼ਾਦ ਛਕ ਕੇ ਸਤਿਗੁਰਾਂ, ਫਿਰ ਤਲਬਾਂ ਦਿੱਤੀਆਂ।
ਵਿਦਾ ਕੀਤੇ ਸਿੰਘ ਬਰਾੜ ਜੋ, ਅਤੇ ਛੁੱਟੀਆਂ ਦਿਤੀਆਂ।
ਪ੍ਰਚਾਰ ਸ਼ੁਰੂ ਹੁਣ ਹੋ ਗਿਆ, ਸੀ 'ਖਾਲਸੇ ਵਾਲਾ'।
ਜੰਗਲ ਵਿੱਚ ਮੰਗਲ ਹੋ ਰਿਹਾ ਹਰ ਰੋਜ਼ ਵਿਸ਼ਾਲਾ।
ਮਾਨੋ ਅਨੰਦਪੁਰ ਬਣ ਗਿਆ, ਹੁਣ ਵਿੱਚ ਮਾਲਵੇ।
ਭਾਈ ਡੱਲੇ ਦੀ ਪਰਖ ਦਾ, ਹੁਣ ਸੁਣੋ ਹਾਲ ਵੇ।
ਦੀਵਾਨ ਦੇ ਮਗਰੋਂ ਇੱਕ ਦਿਨ, ਡੱਲੇ ਅਰਜ਼ ਗੁਜ਼ਾਰੀ।
ਅਨੰਦਪੁਰ ਦੇ ਸਾਕੇ ਦੀ ਉਸ ਬਾਤ ਉਚਾਰੀ।
ਹਮਦਰਦੀ ਦੇ ਨਾਲ ਸੀ ਹੁਣ ਡੱਲਾ ਰੋਇਆ।
ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਮੈਨੂੰ ਦੁੱਖ ਹੋਇਆ।
ਜੰਗਲ ਵਾਸੀ ਕੌਮ ਮੇਰੀ ਦੇ, ਰਾਠ ਨੇ ਬੰਦੇ।
ਅਨੰਦਪੁਰ ਦੀ ਜੰਗ ਵਿੱਚ, ਜੇ ਅਸੀਂ ਵੀ ਹੁੰਦੇ।
ਜੰਗ ਮਚਾਇਆ ਖਾਲਸੇ. ਦੰਦ ਖੱਟੇ ਕੀਤੇ।
ਤੁਰਕਾਂ ਨੂੰ ਦਲ ਸਿੱਟਦੇ, ਇਹ ਮੇਰੇ ਬੱਚੇ।"
ਸਤਿਗੁਰੂ ਇਹ ਸੁਣ ਕੇ ਮੁਸਕ੍ਰਾਏ, ਬੋਲੇ :
"ਬਰਾਦਰੀ ਤੇਰੀ ਸਿੱਖ ਹੈ, ਪਰ ਅੰਦਰੋਂ ਪੋਲੇ।
ਨਾਮ-ਬਾਣੀ ਵਿੱਚ ਢਿੱਲੀ ਹੈ, ਤੇ ਰੋਲ-ਘਚੋਲੇ।
ਖਾਲਸਾ ਅਜੇ ਸਜੀ ਨਹੀਂ, ਮੂੰਹੋਂ ਬੜਬੋਲੇ।"
ਡੱਲੇ ਆਖਿਆ, "ਪਾਤਸ਼ਾਹ! ਸਭ ਧੂੜ ਹਾਂ ਤੇਰੀ,
ਡੌਲੇ ਤਕੜਿਆਂ ਵਾਲੀ ਹੈ, ਇਹ ਕੌਮ ਜੁ ਮੇਰੀ।"
ਸਤਿਗੁਰ ਆਖਿਆ, "ਡੱਲਿਆ! ਹੁਣ ਬੀਤਿਆ ਭਾਣਾ।
ਜੀਅ ਉੱਠੋ ਤੇ ਨਿੱਤਰੋ ਜੋ ਅੱਗੇ ਆਣਾ।"
"ਅਰਮਾਨ ਰਹਿ ਗਿਆ ਪਾਤਸ਼ਾਹ!" ਡੱਲਾ ਮੁੜਮੁੜ ਆਖੇ:
"ਸਾਹਿਬਜ਼ਾਦੇ ਸ਼ਹੀਦੀਆਂ ਪਾ ਗਏ ਹੋ ਲੋਹੇ ਲਾਖੇ।
ਮੇਰੇ ਦਿਉਆਂ ਵਰਗੇ ਬੀਰਾਂ ਨੇ ਨਾ ਕੀਤੇ ਸਾਕੇ।
ਧ੍ਰਿਕਾਰ ਹੈ ਸਾਡੇ ਜਿਉਣ ਦਾ ਦੁਨੀਆ ਤੇ ਆ ਕੇ।"
ਸਤਿਗੁਰ ਹੱਸ ਕੇ ਬੋਲਦੇ, "ਸੁਣ ਡੱਲੇ ਪਿਆਰੇ।
ਬੀਤ ਗਈ ਸੋ ਬੀਤ ਗਈ, ਕਿਉਂ ਝੂਰੇਂ ਪਿਆਰੇ।
ਮੇਰੇ ਬੱਚੇ ਸ਼ੇਰ ਸਨ, ਜੋ ਜੂਝੇ ਪਿਆਰੇ।
ਤੇਰੇ ਬੰਦੇ 'ਮੁਰਦਾ' ਹਨ, ਉਹ 'ਜ਼ਿੰਦਾ' ਪਿਆਰੇ।"
ਏਨੇ ਨੂੰ ਇੱਕ ਸਿੰਘ ਸੀ ਲਹੌਰ ਤੋਂ ਆਇਆ,
ਬੰਦੂਕ ਨੂੰ ਅੱਗੇ ਰੱਖ ਕੇ ਉਸ ਸੀਸ ਨਿਵਾਇਆ।
ਡੱਲੇ ਵੱਲ ਹੁਣ ਵੇਖ ਕੇ ਸਤਿਗੁਰਾਂ ਅਲਾਇਆ:
"ਬੰਦੂਕ ਪਰਖਣੀ ਡੱਲਿਆ! ਇੱਕ ਦੋ ਬੰਦੇ ਲੈ ਆ।"
ਡੱਲੇ ਜਦੋਂ ਵੇਖਿਆ, ਸੀ ਮੂੰਹ ਭੁਆ ਕੇ,
ਅੱਧੇ ਬੰਦੇ ਖਿਸਕ ਗਏ, ਸੀ ਦੁੰਮ ਦਬਾ ਕੇ,
ਪਲੋ ਪਲੀ ਵਿੱਚ ਖਿਸਕ ਗਏ, ਸੀ ਤਿੰਨ ਸੌ ਬੰਦੇ,
ਕੱਲਾ ਡੱਲਾ ਰਹਿ ਗਿਆ, ਹੁਣ ਉਹ ਭੀ ਕੰਬੇ,
ਚੋਜੀ ਪ੍ਰੀਤਮ ਹੱਸ ਕੇ ਸਿੱਖ ਨੂੰ ਫੁਰਮਾਇਆ.
"ਬੰਦੂਕ ਪਰਖਣ ਵਾਸਤੇ ਇੱਕ ਸਿੱਖ ਤੂੰ ਲੈ ਆ।"
ਸਿੱਖ ਨੇ ਜਾ ਕੇ ਡੇਰੇ ਵਿੱਚ ਜਦ ਹੁਕਮ ਸੁਣਾਇਆ.
"ਗੁਰੂ ਜੀ ਮੰਗਦੇ ਜਾਨ, ਨਿੱਤਰੋ ਮਾਂ ਦਾ ਜਾਇਆ।"
ਪੱਗਾਂ ਬੰਨ੍ਹ ਰਹੇ ਸਿੱਖ ਦੋ, ਉਹ ਦੌੜੇ ਆਏ।
ਮੇਰਾ ਹੱਕ ਹੈ, ਮੇਰਾ ਹੱਕ, ਉਹ ਕਹਿੰਦੇ ਆਏ।
ਇਹ ਨਜ਼ਾਰਾ ਦੇਖ ਡੱਲੇ ਦੇ ਹੰਝੂ ਕਿਰ ਪਏ।
ਇਹ 'ਬੰਦੇ' ਹਨ ਕਿ 'ਰੂਹਾਂ', ਉਸਦੇ ਤੌਰ ਬਦਲ ਗਏ।
ਡੱਲੇ ਵੱਲ ਹੁਣ ਤੱਕ ਕੇ, ਮੇਰੇ ਸਤਿਗੁਰ ਬੋਲੇ :
"ਉਦਾਸ ਨਾ ਹੋ ਤੂੰ ਡੱਲਿਆ!" ਕਲਗੀਧਰ ਬੋਲੇ :
"ਮੁਰਦਾ ਮੁਰਦਾ ਹੈ ਡੱਲਿਆ! ਚਾਹੇ ਕਿੰਨਾ ਵੱਡਾ।
ਵਿਦਵਾਨ, ਧਨੀ, ਇਖ਼ਲਾਕੀ, ਹੈ ਭਾਵੇਂ ਕਿੱਡਾ ਵੱਡਾ।
ਅੰਮ੍ਰਿਤ ਛਕ ਕੇ ਡੱਲਿਆ! ਹੁਣ ਤੂੰ ਜ਼ਿੰਦਾ ਹੋ ਜਾ।
ਨਾਮ ਜਪ ਕੇ ਅੱਠੇ ਪਹਿਰ, ਤੂੰ 'ਖਾਲਸਾ' ਹੋ ਜਾ।
ਨਿਸ਼ਾਨਾ ਫੁੰਡਣ ਲਈ ਬੰਦੇ ਨਹੀਂ ਮਾਰ ਮੁਕਾਉਣੇ।
ਖਾਲਸੇ ਦੇ ਰਾਜ਼ ਅਸੀਂ ਤੈਨੂੰ ਸਮਝਾਉਣੇ।"



www.AKJ.Org

# ਕਲਗੀਧਰ ਮਾਲਵੇ ਵਿਚ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਰਾਮ ਨਗਰ, ਗੁੜਗਾਉਂ]

ਮਾਛੀਵਾੜੇ ਤੋਂ ਉੱਠ ਕੇ ਮਿਹਰ-ਨਜ਼ਰਾਂ, ਹੋਈਆਂ ਮਾਲਵੇ ਤੇ ਕਲਗੀਧਰ ਦੀਆਂ।
'ਕੋਟ' ਲੰਘ 'ਖਿਦਰਾਣੇ ਦੀ ਢਾਬ' ਉੱਤੇ, ਵਸੀਆਂ ਰਹਿਮਤਾਂ ਸੋਹਣੀ ਸਰਕਾਰ ਦੀਆਂ।
ਟੁਰਿਆ 'ਮਹਾਂ ਸਿੰਘ' ਮੰਗੀ ਮੁਰਾਦ ਪਾ ਕੇ, ਸਿੱਕਾਂ ਪੂਰੀਆਂ ਕਰ ਕੇ ਦੀਦਾਰ ਦੀਆਂ।
ਟੁੱਟੀ ਗੰਢ ਕੇ, ਚਾਲੀਆਂ ਮੁਕਤਿਆਂ ਤੇ, ਹੋਈਆਂ ਬਖ਼ਸ਼ਸ਼ਾਂ ਮਿਹਰ ਭੰਡਾਰ ਦੀਆਂ।
ਕਰਦੇ ਚੋਜ, ਅਨੇਕਾਂ ਨੂੰ ਤਾਰਦੇ ਹੋਏ, ਪਹੁੰਚ ਗਏ ਹਜ਼ੂਰ ਇਕ ਬਾਰ ਅੰਦਰ।
ਰੋਕ ਲਿਆ ਨੀਲਾ ਆ ਬੈਰਾੜ ਸਿੱਖਾਂ, ਕਹਿੰਦੇ ਵਾਕ ਇਹ ਮਾਣ ਹੰਕਾਰ ਅੰਦਰ।
ਤਲਬਾਂ ਸਾਡੀਆਂ ਏਥੇ ਚੁਕਾ ਕੇ ਤੇ, ਫੇਰ ਅੱਗੇ ਨੂੰ ਕਦਮ ਵਧਾਉ ਸਤਿਗੁਰ।
ਵਰਖਾ ਹੋਈ ਨਹੀਂ ਬੱਚੇ ਕੀ ਖਾਣ ਸਾਡੇ, ਸਾਡਾ ਏਥੇ ਹਿਸਾਬ ਚੁਕਾਉ ਸਤਿਗੁਰ।
'ਅੱਗੇ ਚਲ ਕੇ ਦਿਆਂਗੇ' ਹੁਕਮ ਹੋਇਆ, 'ਨਹੀਂ ਏਥੇ ਹੀ ਦੇ ਕੇ ਜਾਉ ਸਤਿਗੁਰ'।
'ਸਿੱਖੀ ਚਾਹੀਦੀ ਏ ਜਾਂ ਰੁਪਏ ਤੁਹਾਨੂੰ ?' ਕਹਿੰਦੇ ਸਿੱਖ ਹੁਣ ਦੇਰ ਨ ਲਾਉ ਸਤਿਗੁਰ।
ਧਨੁੱਖ ਚਾੜ੍ਹਿਆ ਭੱਥੇ ਚੋਂ ਤੀਰ ਕਢ ਕੇ, ਧੁੰਦਲਾ ਬੱਦਲਵਾਈ ਆਸਮਾਨ ਹੋਇਆ।
ਜਲਥਲ ਹੋਇਆ, ਨਦਰ ਮੇਹਰ ਸਦਕੇ, ਹੁਕਮ ਮੰਨ ਇੰਦਰ ਮਿਹਰਵਾਨ ਹੋਇਆ।
ਦਇਆਵਾਨ ਸਤਿਗੁਰੂ ਨੇ ਮਿਹਰ ਕਰ ਕੇ, ਵਰਖਾ ਪਾਈ ਤੇ ਕਾਲ ਹਟਾ ਦਿੱਤਾ।
ਨਾਲੇ ਤਲਬ ਚੁਕਾਣ ਲਈ ਯੋਧਿਆਂ ਦੀ, ਕੌਤਕ ਨਵਾਂ ਦਾਤਾਰ ਰਚਾ ਦਿੱਤਾ।
ਚਾਣ-ਚਕ ਇਕ ਸਿੱਖ ਨੇ ਆਇ ਕੇ ਤੇ, ਭੇਟਾ ਢੇਰ ਰੁਪਈਆਂ ਦਾ ਲਾ ਦਿੱਤਾ।
ਆਉ ਸਿੱਖੋ ਬੈਰਾੜੋ, ਵਸੂਲ ਕਰ ਲਓ, ਖੁਲ੍ਹਾ ਮਾਇਆ ਦਾ ਲੰਗਰ ਵਰਤਾ ਦਿੱਤਾ।
'ਮਿੱਤਰ' 'ਦਾਨੇ' ਤੇ ਇੱਥੇ ਹੀ ਹੋਈ ਬਖਸ਼ਸ਼, ਮਾਇਆ ਛੱਡ ਕੇ ਤੇ ਮਿਹਰ-ਦਾਨ ਲੀਤਾ।
ਅੰਮ੍ਰਿਤ ਪਾਨ ਕਰ ਕੇ 'ਦਾਨ ਸਿੰਘ' ਬਣਿਆ, ਪੂਰੇ ਸਤਿਗੁਰੂ ਤੋਂ ਆਦਰ ਮਾਣ ਲੀਤਾ।

---

# ਛੱਕ ਲੈ ਅੰਮ੍ਰਿਤ

[ਸ: ਅਤਰ ਸਿੰਘ ਜੀ ਨੀਰ, ਦਿਲੀ 34]

ਆਈ ਓ ਆਈ ਸਿੰਘਾ, ਆਈ ਲਲਕਾਰ ਓ
ਖੰਡੇ ਦਾ ਛਕ ਅੰਮ੍ਰਿਤ, ਹੋ ਜਾ ਤਿਆਰ ਓ !

ਗਲ ਵਿਚ ਸਜੀ ਕਿਰਪਾਨ, ਸਿਖੀ ਦੀ ਸ਼ਾਨ ਹੈ।
ਕੱਛਾ ਕੜਾ ਕੰਘਾ ਕੇਸਕੀ ਨਿਸ਼ਾਨ ਹੈ।
ਇਨ੍ਹਾਂ ਦਾ ਬਣ ਕੇ ਧਾਰਨੀ ਪਾ ਲੈ ਦੀਦਾਰ ਓ !
ਖੰਡੇ ਦਾ ਛੱਕ ਲੈ ਅੰਮ੍ਰਿਤ, ਹੋ ਜਾ ਤਿਆਰ ਓ !

ਬਣਨ ਲਈ ਗੁਰੂ ਵਾਲਾ ਅੰਮ੍ਰਿਤ ਜ਼ਰੂਰੀ ਪ੍ਰੌਣ ਹੈ।
ਰਹਿਤ ਦੇ ਧਾਰਨੀ ਉਤੇ ਗੁਰੂ ਪ੍ਰਸੰਨ ਹੈ।
ਤੂ ਵੀ ਬਣ ਗੁਰੂ ਵਾਲਾ, ਲਗ ਗਈ ਕਤਾਰ ਓ !
ਖੰਡੇ ਦਾ ਛੱਕ ਲੈ ਅੰਮ੍ਰਿਤ, ਹੋ ਜਾ ਪਿਆਰ ਓ !

ਅੰਮ੍ਰਿਤ ਦੀ ਦਿਤੀ ਸਾਨੂੰ ਕਲਗੀਧਰ ਦਾਤ ਹੈ।
ਊਚ ਤੇ ਨੀਚ ਮਿਟਾਏ, ਮੇਟੀ ਛੂਆ ਛਾਤ ਹੈ।
ਤੂੰ ਮੈਂ ਫਰਕ ਮਿਟਾਇਆ ਕੀਤਾ ਉਪਕਾਰ ਓ !
ਖੰਡੇ ਦਾ ਛੱਕ ਲੈ ਅੰਮ੍ਰਿਤ, ਹੋ ਜਾ ਤਿਆਰ ਓ !

ਗੁਰੂ ਤੇ ਸਿਖ ਦਾ ਰੂਪ ਇਕ-ਸਮਾਨ ਹੈ।
ਸਿੱਧੀ ਸਰੂਪ ਵਿਚ ਗੁਰੂ ਦੀ ਜਾਨ ਹੈ।
ਭੇਦ ਨ ਰਖਿਆ ਕੋਈ 'ਨੀਰ' ਦਾਤਾਰ ਓ !
ਖੰਡੇ ਦਾ ਛੱਕ ਲੈ ਅੰਮ੍ਰਿਤ, ਹੋ ਜਾ ਤਿਆਰ ਓ।

ਆਈ ਓ ਆਈ ਸਿੰਘਾ, ਆਈ ਲਲਕਾਰ ਓ !



www.AKJ.Org

# ਆ ਜ਼ਰਾ ਤੂੰ ਝਾਤੀ ਮਾਰ

[ਸ: ਤੇਗ ਬਹਾਦਰ ਸਿੰਘ ਤੇਗ, ਲੁਧਿਆਣਾ]

ਕਲਗੀਧਰ ਦਸਮੇਸ਼ ਪਿਤਾ ਨੇ, ਬਣਾ ਦਿੱਤੈ ਤੈਨੂੰ ਸਰਦਾਰ।
ਸਾਬਤ ਸੂਰਤ ਬਖ਼ਸ਼ ਕੇ ਤੈਨੂੰ, ਤੈਥੋਂ ਹੋਇਆ ਸੀ ਬਲਿਹਾਰ।
ਕਿਉਂ ਫੜ ਲਏ ਤੈਂ ਪੁੱਠੇ ਚਾਲੇ, ਕਿਉਂ ਨਹੀਂ ਕਰਦਾ ਸੋਚ ਵਿਚਾਰ?
ਆਪਣੀ ਰਹਿਣੀ ਬਹਿਣੀ ਦੇ ਵੱਲ, ਆ ਜ਼ਰਾ ਤੂੰ ਝਾਤੀ ਮਾਰ।
ਕੀ ਅੰਮ੍ਰਿਤ ਵੇਲੇ ਉੱਠਦਾ ਹੈਂ? ਕੀ ਨਾਲ ਪ੍ਰਭੂ ਦੇ ਜੁਟਦਾ ਹੈਂ?
ਕੀ ਪੰਜ ਬਾਣੀਆਂ ਦਾ ਨਿਤਨੇਮੀ ਹੋ ਕੇ, ਰਹਿਰਾਸ ਸੋਹਿਲਾ ਵੀ ਰਟਦਾ ਹੈ?
ਜੇ ਤੇਰਾ ਇਹ ਨਿਤਨੇਮ ਨਹੀਂ, ਕਾਹਦਾ ਹੈਂ ਤੂੰ ਫਿਰ ਸਰਦਾਰ?
ਆਪਣੀ ਰਹਿਣੀ ਬਹਿਣੀ ਦੇ ਵਲ, ਆ ਜ਼ਰਾ ਤੂੰ ਝਾਤੀ ਮਾਰ।
ਨੰਗੇ ਸਿਰ ਤੂੰ ਖਾਣਾ ਖਾਵੇਂ, ਬਿਨਾਂ ਕੇਸਕੀ ਘੁੰਮਣ ਜਾਵੇਂ।
ਚੜ੍ਹੇ ਦਿਵਸ ਤੂੰ ਉੱਠ ਕੇ ਨਾਹਵੇਂ, ਸੰਗਤ ਕਰਨੋਂ ਤੂੰ ਕਤਰਾਵੇਂ।
ਇਹ ਮਨਮਤਿ ਤਾਂ ਡੋਬ ਦਏਗੀ, ਡੂੰਘੇ ਪਾਣੀ ਦੇ ਵਿਚਕਾਰ।
ਆਪਣੀ ਰਹਿਣੀ ਬਹਿਣੀ ਦੇ ਵਲ, ਆ ਜ਼ਰਾ ਤੂੰ ਝਾਤੀ ਮਾਰ।
ਸਾਬਤ ਸੂਰਤ ਹੋ ਕੇ ਵੀਰਾ, ਤੂੰ ਅੰਮ੍ਰਿਤ ਕਾਹਤੋਂ ਛਕਦਾ ਨਹੀਂ?
ਆਪਣੇ ਮਨ ਨੂੰ ਕਾਹਤੋਂ ਵੀਰਾ, ਬੁਰੇ ਕੰਮਾਂ ਤੋਂ ਡੱਕਦਾ ਨਹੀਂ?
ਕਲਗੀਧਰ ਦਸਮੇਸ਼ ਪਿਤਾ ਨੂੰ, ਆ ਮਿਲੀਏ ਬਾਂਹਾਂ ਪਸਾਰ।
ਆਪਣੀ ਰਹਿਣੀ ਬਹਿਣੀ ਦੇ ਵੱਲ, ਪਹਿਲਾਂ ਜ਼ਰਾ ਤੂੰ ਝਾਤੀ ਮਾਰ।
ਸਿੱਖੀ ਦੀ ਹੈ ਖੇਡ ਨਿਆਰੀ, ਆ ਕਰੀਏ ਸੋਚ ਵਿਚਾਰ।
ਅੰਮ੍ਰਿਤ ਛਕ ਕੇ ਬਣ ਜਾਈਏ, ਆਪਾਂ ਸਾਰੇ ਸਿੰਘ ਸਰਦਾਰ।
ਨਾਮ ਪ੍ਰਭੂ ਦਾ ਜਪ ਕੇ ਵੀਰਾ, ਭਵ-ਸਾਗਰ ਨੂੰ ਕਰੀਏ ਪਾਰ।
ਕਰ ਲੋਕ ਸੁਖੀ ਪ੍ਰਲੋਕ ਸੁਹੇਲਾ, ਜਮਾਂ ਦੀ ਖਾਈਏ ਕਾਹਤੋਂ ਮਾਰ।
ਆਪਣੀ ਰਹਿਣੀ ਬਹਿਣੀ ਦੇ ਵਲ, ਆ ਜ਼ਰਾ ਤੂੰ ਝਾਤੀ ਮਾਰ।

---

# ਨਾ ਅੰਮ੍ਰਿਤ ਘੁਟ ਪੀਤਾ, ਨਾ ਮਨ ਜੀਤਾ

[ਸ: ਸਾਧੂ ਸਿੰਘ ਸੂਫੀ]

ਪੜ੍ਹੀਆਂ ਬਹੁਤ ਕਿਤਾਬਾਂ ਬੰਦੇ, ਪੜ੍ਹ ਕੇ ਅਮਲ ਨਾ ਕੀਤਾ, ਹੋ ਬਦਨੀਤਾ।
ਭਾਵੇਂ ਪੜ੍ਹਿਆ ਬੇਦ ਸ਼ਾਸਤਰ, ਭਾਵੇਂ ਪੜ੍ਹਿਆ ਗੀਤਾ, ਰਹਿਆ ਕੁਰੀਤਾ।
ਪਾਣੀ ਰਿੜਕ ਨਾ ਮੱਖਣ ਮਿਲਿਆ, ਨਾ ਅੰਮ੍ਰਿਤ ਘੁਟ ਪੀਤਾ, ਨਾ ਮਨ ਜੀਤਾ।
ਸੂਫ਼ੀ ਇਲਮ ਹਕੀਕੀ ਪੜ੍ਹ ਕੇ, ਨਾ ਬਨਿਆ ਸੁਰਜੀਤਾ, ਨਾ ਚੁਪ-ਕੀਤਾ।

---

**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਜਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।

(੫) ਦੇਸ਼ਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

ਅਰਦਾਸ ਵਿਚ

# ਵਾਹਿਗੁਰੂ ਨਾਮ ਚਿੱਤ ਆਵੇ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸਿਮਰਨ ਤੇ ਅਰਦਾਸ ਦਾ ਅਟੁੱਟ ਰਿਸ਼ਤਾ ਹੈ। ਅਰਦਾਸ ਤਾਂ ਅਸਲੋਂ ਸਿਮਰਨ ਦੀ ਪ੍ਰਪੱਕਤਾ ਲਈ ਤਰਲਾ ਹੈ। ਇਸੇ ਲਈ ਸਰਬੱਤ ਖ਼ਾਲਸਾ ਜੀ ਵਲੋਂ ਅਰਦਾਸ ਵਿਚ ਜੋ ਮੰਗਾਂ ਮੰਗੀਆਂ ਹਨ, "ਨਾਮ ਚਿਤ ਆਵੈ" ਉਨ੍ਹਾਂ ਵਿਚ ਸਭ ਤੋਂ ਪਹਿਲੀ ਮੰਗ ਹੈ। ਇਸੇ ਲਈ ਦੁਬਾਰੇ ਨਾਮ ਨੂੰ 'ਦਾਨਾਂ ਸਿਰ ਦਾਨ' ਆਖ ਕੇ ਇਸ ਦੀ ਯਾਚਨਾ ਕੀਤੀ ਜਾਂਦੀ ਹੈ। ਜਿਨ੍ਹਾਂ ਨਾਮ ਜਪਿਆ, ਨਾਮ ਕਮਾਈ ਵਾਲੇ ਐਸੇ ਜਪੀਆਂ ਨੂੰ ਅਰਦਾਸ ਵਿਚ ਸਭ ਤੋਂ ਪਹਿਲਾਂ ਧਿਆਇਆ ਜਾਂਦਾ ਹੈ। ਇਹ ਬੇਨਤੀ ਵੀ ਕੀਤੀ ਜਾਂਦੀ ਹੈ ਕਿ "ਸੱਚੇ ਪਾਤਸ਼ਾਹ, ਓਹੋ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਨਾਮ ਚਿਤ ਆਵੈ।" ਅਰਦਾਸ ਦੀ ਅੰਤਲੀ ਤੁਕ ਵਿਚ ਨਾਮ ਦੀ ਚੜ੍ਹਦੀ ਕਲਾ ਲਈ ਯਾਚਨਾ ਕੀਤੀ ਜਾਂਦੀ ਹੈ। ਇਉਂ ਸਾਡੀ ਅਰਦਾਸ ਵਿਚ ਬਾਰ ਬਾਰ ਨਾਮ ਲਈ ਤਰਲਾ ਲਿਆ ਗਿਆ ਹੈ।

"ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!! ਨਾਮ ਚਿੱਤ ਆਵੈ" ਵਾਲੀ ਪੰਕਤੀ ਵਿਚ ਸਿਮਰਨ ਦੇ ਵਰਦਾਨ ਦੀ ਕੇਵਲ ਯਾਚਨਾ ਹੀ ਨਹੀਂ, ਸਿਮਰਨ ਦਾ ਅਭਿਆਸ ਵੀ ਹੈ। ਇਹ ਪੰਕਤੀ ਇਉਂ ਵੀ ਹੋ ਸਕਦੀ ਸੀ : 'ਸਰਬੱਤ ਖ਼ਾਲਸਾ ਜੀ ਨੂੰ ਨਾਮ ਚਿੱਤ ਆਵੇ' ਤੇ ਜੇਕਰ ਇਹ ਦਸਣਾ ਵੀ ਜ਼ਰੂਰੀ ਸੀ ਕਿ ਕਿਹੜਾ ਕਿਹੜਾ ਨਾਮ ਚਿਤ ਆਵੈ ਤਾਂ ਇਉਂ ਕਿਹਾ ਜਾ ਸਕਦਾ ਸੀ, 'ਸਰਬੱਤ ਖ਼ਾਲਸਾ ਜੀ ਨੂੰ ਵਾਹਿਗੁਰੂ ਨਾਮ ਚਿੱਤ ਆਵੈ।' ਪਰ ਨਾਮ ਤੋਂ ਪਹਿਲਾਂ ਤਿੰਨ ਵਾਰੀ ਵਾਹਿਗੁਰੂ ਆਖ ਕੇ ਅਰਦਾਸ ਦੇ ਅੰਦਰ ਨਾਮ ਦਾ ਅਭਿਆਸ ਵੀ ਸ਼ਾਮਿਲ ਕਰ ਦਿੱਤਾ ਗਿਆ ਹੈ। ਇਹ ਅਭਿਆਸ ਕੇਵਲ ਇਸ ਪੰਕਤੀ ਤਕ ਹੀ ਮਹਿਦੂਦ ਨਹੀਂ, ਅਰਦਾਸ ਵਿਚ ਬਾਰ ਬਾਰ 'ਬੋਲੋ ਜੀ ਵਾਹਿਗੁਰੂ !' ਆਖ ਕੇ ਸਰਬੱਤ ਸੰਗਤ ਨੂੰ ਇਸ ਅਭਿਆਸ ਵਿਚ ਜੁੜਨ ਦਾ ਘੜੀ ਮੁੜੀ ਨਿਮੰਤ੍ਰਣ ਵੀ ਦਿੱਤਾ ਜਾਂਦਾ ਹੈ। ਜਦ ਸਾਰੀ ਸੰਗਤ ਇਕ ਆਵਾਜ਼ ਹੋ 'ਵਾਹਿਗੁਰੂ' ਬੋਲ ਕੇ ਇਸ ਨਿਮੰਤ੍ਰਯ ਦਾ ਹੁੰਗਾਰਾ ਭਰਦੀ ਹੈ, ਜਾਂ ਵਿਚਾਰਾਧੀਨ ਪੰਕਤੀ ਵੇਲੇ ਅਰਦਾਸੀਏ ਦੇ ਨਾਲ ਆਪ ਵੀ 'ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!' ਬੋਲਦੀ ਹੈ ਤਾਂ ਸਮੂਹਕ ਸਿਮਰਨ ਦੀ ਮਧੁਰ ਧੁਨੀ ਗੂੰਜ ਉਠਦੀ ਹੈ। ਜਿਤਨੀਆਂ ਆਵਾਜ਼ਾਂ ਇਕੱਠੀਆਂ ਉਠਦੀਆਂ ਹਨ, ਉਤਨੀਆਂ ਹੀ ਕੰਨੀਂ ਪੈਂਦੀਆਂ ਹਨ, ਸੋ ਉਤਨਾ ਹੀ ਵੱਧ ਮਹਾਤਮ ਸਿਮਰਨ ਦਾ ਹੋ ਜਾਂਦਾ ਹੈ। ਇਸ ਲਈ ਅਰਦਾਸ ਵਿਚ ਖੜੋਤੇ ਹਰ ਪ੍ਰਾਣੀ ਦਾ ਧਰਮ ਬਣਦਾ ਹੈ ਕਿ ਉਹ ਅਰਦਾਸੀਏ ਦੇ ਨਾਲ 'ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!' ਵੀ ਆਖੇ ਤੇ ਹਰ ਵਾਰ 'ਬੋਲੋ ਜੀ ਵਾਹਿਗੁਰੂ' ਦਾ ਹੁੰਗਾਰਾ 'ਵਾਹਿਗੁਰੂ' ਬੋਲ ਕੇ ਦੇਵੇ।[1] ਜਿਸ ਨੂੰ 'ਵਾਹਿਗੁਰੂ' ਬੋਲਣ ਤੋਂ ਸੰਗ ਆਉਂਦੀ ਹੈ ਉਸ ਨੇ ਵਾਹਿਗੁਰੂ ਨਾਲ ਗੱਲ ਕੀ ਕਰਨੀ ਹੈ ? ਪਰ, ਅਰਦਾਸ ਤਾਂ ਸਾਡੀ ਆਤਮਾ ਦੀ ਵਾਹਿਗੁਰੂ ਜੀ ਨਾਲ ਗੱਲ ਬਾਤ ਹੀ ਤਾਂ ਹੈ।

'ਵਾਹਿਗੁਰੂ' ਸ਼ਬਦ ਹੀ ਸਾਡਾ ਗੁਰਮੰਤ੍ਰ ਹੈ। ਇਸ ਦਾ ਸਿਮਰਨ ਹੀ ਸਾਨੂੰ ਭਵਜਾਗਰ ਦੇ ਪਾਰ ਉਤਾਰ ਸਕਦਾ ਹੈ। ਜਨਮ ਸਾਖੀ ਵਿਚ ਇਕ ਵਾਰਤਾ ਹੈ : ਇਕ ਵੇਰਾਂ ਗੁਰੂ ਨਾਨਕ ਦੇਵ ਜੀ ਤੇ ਮਰਦਾਨੇ ਨੇ ਇਕ ਨਦੀ ਪਾਰ ਕਰਨੀ ਸੀ। ਬਾਬੇ ਨੇ ਮਰਦਾਨੇ ਨੂੰ ਕਿਹਾ, "ਤੂੰ ਵਾਹਿਗੁਰੂ, ਵਾਹਿਗੁਰੂ ਕਰਦਾ ਰਹੀਂ; ਇਉਂ ਨਦੀ ਪਾਰ ਕਰ

1. 'ਬੋਲੋ ਜੀ ਵਾਹਿਗੁਰੂ' ਦੇ ਆਦੇਸ਼ ਨਾਲ 'ਵਾਹਿਗੁਰੂ' ਅਖਵਾਉਣ ਦੀ ਪ੍ਰਥਾ ਕੇਵਲ ਅਰਦਾਸ ਵਿਚ ਹੀ ਨਹੀਂ, ਜਨਮ ਸਾਖੀਆਂ ਵਿਚ ਵੀ ਹੈ। ਹਰ ਸਾਖੀ ਦੇ ਸੰਪੂਰਨ ਹੋਣ ਤੇ 'ਬੋਲੋ ਜੀ ਵਾਹਿਗੁਰੂ' ਲਿਖਿਆ ਹੈ। ਇਸ ਤੋਂ ਇਲਾਵਾ, ਕਥਾਕਾਰੀ ਦੀ ਪਰੰਪਰਕ ਪ੍ਰਥਾ ਅਨੁਸਾਰ ਵੀ ਕਥਾਕਾਰ ਬਾਰ ਬਾਰ ਸੰਗਤ ਨੂੰ 'ਬੋਲੋ ਜੀ ਵਾਹਿਗੁਰੂ' ਕਹਿ ਕੇ ਕਈ ਵਾਰ ਹੀ 'ਵਾਹਿਗੁਰੂ' ਅਖਵਾਉਂਦਾ ਹੈ। ਕਥਾ ਵਾਰਤਾ ਤੇ ਇਤਿਹਾਸ ਦੁਹਰਾਉਣ ਦਾ ਪ੍ਰਯੋਜਨ ਮਨ ਨੂੰ ਦ੍ਰਵਣ ਲਈ ਪ੍ਰੇਰਨਾ ਹੈ। ਹਰ ਉਸ ਮੁਕਾਮ ਤੇ, ਜਿੱਥੇ ਜਜ਼ਬਾ ਮਨਾਂ ਨੂੰ ਪੰਘਾਰਦਾ ਹੈ, 'ਵਾਹਿਗੁਰੂ' ਬੁਲਵਾ ਕੇ ਕਥਾਕਾਰ ਦ੍ਰਵੇ ਹੋਏ ਮਨ ਨੂੰ ਸਿਮਰਨ ਵਲ ਪ੍ਰੇਰਦਾ ਹੈ। ਇਉਂ ਬਾਰ ਬਾਰ ਵਾਹਿਗੁਰੂ ਬੋਲਣ ਨਾਲ ਸਹਿਜੇ ਹੀ ਨਾਮ ਦਾ ਅਭਿਆਸ ਹੋਣ ਲਗਦਾ ਹੈ। ਸਿਮਰਨ ਤੋਂ ਬਿਨਾ ਤਾਂ ਕਥਾ ਵਿਅਰਥ ਸਮਝੀ ਜਾਂਦੀ ਹੈ। 'ਵਾਹਿਗੁਰੂ ਕੇ ਮੰਤ੍ਰ ਬਿਨ ਮਿਥਿਆ ਸਾਰੀ ਗਾਥ'।

—ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ।



www.AKJ.Org

ਲਏਂਗਾ।'' ਇਹ ਨਦੀ, ਵਿਚਾਰੀਏ ਤਾਂ, ਭਵਸਾਗਰ ਦੀ ਨਦੀ ਹੈ, ਤੇ ਮਰਦਾਨੇ ਨੂੰ ਦਿੱਤਾ ਗਿਆ ਆਦੇਸ਼, ਦਰ-ਅਸਲ, ਸਭ ਪ੍ਰਾਣੀਆਂ ਨੂੰ ਦਿੱਤਾ ਗਿਆ ਆਦੇਸ਼ ਹੈ।

ਇਹ ਗੁਰਮੰਤ੍ਰ ਪਹਿਲੀਆਂ ਨੌਂ ਪਾਤਸ਼ਾਹੀਆਂ ਤਕ ਗੁਪਤ ਰਖਿਆ ਗਿਆ—ਕੇਵਲ ਮੌਖਿਕ ਤੌਰ ਤੇ ਹੀ ਸਿਖ ਦੇ ਕੰਨ ਵਿਚ ਕਿਹਾ ਜਾਂਦਾ। ਦਸਵੇਂ ਪਾਤਸ਼ਾਹ ਨੇ ਜਦ ਅੰਮ੍ਰਿਤ ਛਕਾ ਕੇ ਖ਼ਾਲਸੇ ਦਾ ਸੰਪਰਕ ਸਿੱਧਾ ਅਕਾਲ ਪੁਰਖ ਨਾਲ ਜੋੜਿਆ ਤਾਂ ਕਈ ਵਾਰ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਬੁਲਵਾ ਕੇ ਇਸ ਗੁਰਮੰਤ੍ਰ ਨੂੰ ਪਰਗਟ ਕਰ ਦਿੱਤਾ।

ਵਾਹਿਗੁਰੂ ਸ਼ਬਦ ਵਿਸਮਾਦ ਦਾ ਸੂਚਕ ਹੈ, ਉਮਾਹ ਦਾ ਸੂਚਕ ਹੈ, ਚੜ੍ਹਦੀ ਕਲਾ ਦਾ ਸੂਚਕ ਹੈ। ਇਹ ਗੁਰੂ ਨਾਲ ਤੇ ਅਕਾਲ ਪੁਰਖ ਨਾਲ ਸਾਨੂੰ ਗੰਢਦਾ ਹੈ। ਇਸ ਵਿਚ ਉਨ੍ਹਾਂ ਦੀ ਸਿਫ਼ਤ ਸਾਲਾਹ ਵੀ ਹੈ ਤੇ ਵਡਿਆਈ ਵੀ। ਇਸ ਪਦ ਦੇ ਸਿਮਰਨ ਨਾਲ ਕਰਤਾਰ ਵੱਸ ਵਿਚ ਆਉਂਦਾ ਹੈ।[1] ਪਰ, ਇਹ ਸਿਮਰਨ ਵਡੇ ਭਾਗਾਂ ਨਾਲ ਹੀ ਵਿਰਲੇ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ :

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ।—ਗੂਜਰੀ ਵਾਰ ੩, ਮ: ੩ (515/3)

ਵਾਹਿਗੁਰੂ ਚਿਤ ਆਵੇ ਤਾਂ "ਚਿਤ ਆਵਨ ਦਾ ਸਦਕਾ ਸਰਬ ਸੁਖ ਹੋਵੈ।" ਨਾਮ ਚਿਤ ਆਵਣ ਸਦਕੇ ਹੀ ਸਰਬ ਸੁਖ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਛੋਟੇ ਮੋਟੇ ਸੁਖ ਦੀ ਨਹੀਂ, 'ਸਰਬ ਸੁਖ' ਦੀ—ਉਹ ਸਦੀਵੀ ਸੁਖ, ਜਿਸ ਵਿਚ ਸਾਰੇ ਸੁਖ ਸਮਾਏ ਹੁੰਦੇ ਹਨ। ਐਸਾ 'ਸਰਬ ਸੁਖ' ਕੇਵਲ ਸਿਮਰਨ ਤੋਂ ਹੀ ਪ੍ਰਾਪਤ ਹੁੰਦਾ ਹੈ।

ਸੁਖੁ ਨਾਹੀ ਬਹੁਤੈ ਧਨਿ ਖਾਟੇ। ਸੁਖੁ ਨਾਹੀ ਪੇਖੇ ਨਿਰਤਿ ਨਾਟੇ।
ਸੁਖੁ ਨਾਹੀ ਬਹੁ ਦੇਸ ਕਮਾਏ। ਸਰਬ ਸੁਖਾ ਹਰਿ ਹਰਿ ਗੁਣ ਗਾਏ। —ਭੈਰਉ ਮ: ੧ (1147/13)

ਜਦੋਂ ਵਾਹਿਗੁਰੂ ਸਾਡੇ ਚੇਤੇ ਵਿਚ ਆਣ ਵਸਦਾ ਹੈ ਤਾਂ ਅੰਗ ਸੰਗ ਹੋ ਕੇ ਸਾਨੂੰ ਰੋਗਾਂ, ਸੋਗਾਂ, ਚਿੰਤਾ, ਝੋਰਿਆਂ, ਦੁਖਾਂ, ਸੰਕਟਾਂ ਤੋਂ ਰਖ ਲੈਂਦਾ ਹੈ। ਦਰ-ਅਸਲ ਸਿਮਰਨ ਵਾਲੇ ਅੰਦਰ ਇਤਨੀ ਆਤਮਕ ਸ਼ਕਤੀ ਆ ਜਾਂਦੀ ਹੈ ਕਿ ਉਹ— ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ, ਬਾਹੁੜਿ ਦੂਖੁ ਨ ਪਾਇਦਾ।—ਮਾਰੂ ਮ: ੧ (1034/16)

ਸਿਮਰਨ ਮਨੁਖਾ ਜਨਮ ਦਾ ਸੁਆਉ ਹੈ। ਗੁਰਮਤਿ ਅਨੁਸਾਰ ਤਾਂ ਮਨੁੱਖਾ ਜਨਮ ਹੀ ਵਾਹਿਗੁਰੂ ਦੀ ਪ੍ਰਾਪਤੀ ਦਾ ਅਉਸਰ ਹੈ।[2] ਇਹ ਅਉਸਰ ਸਿਮਰਨ ਨਾਲ ਹੀ ਸਿਰੇ ਚੜ੍ਹਦਾ ਹੈ :

ਭਜਹੁ ਗੋਬਿੰਦ ਭੂਲਿ ਮਤ ਜਾਹੁ। ਮਾਨਸ ਜਨਮ ਕਾ ਏਹੀ ਲਾਹੁ। —ਭੈਰਉ ਕਬੀਰ (1159/8)

ਇਸ ਲਈ ਜਿਸ ਨੇ ਨਾਮ ਨਹੀਂ ਜਪਿਆ, ਤੇ ਇਹ ਅਉਸਰ ਗੁਆ ਲਿਆ, ਉਸ ਨੂੰ ਗੁਰਬਾਣੀ ਵਿਚ 'ਆਤਮ ਘਾਤੀ'[3] ਤੇ 'ਕਮਜਾਤ'[4] ਕਿਹਾ ਹੈ। ਉਸ ਦੇ ਹਲਤ ਪਲਤ ਦੋਵੇਂ ਗੁਆਚ ਜਾਂਦੇ ਹਨ।[5] ਪਰ, ਜੋ ਨਾਮ ਜਪਦੇ ਹਨ, ਉਹੀ ਜ਼ਿੰਦਗੀ ਦਾ ਹੱਜ ਉਠਾਂਦੇ ਹਨ। ਦਰ-ਅਸਲ ਕੇਵਲ ਉਹੋ ਹੀ ਜੀਊਂਦੇ ਹਨ, ਦੂਜੇ ਨਹੀਂ; ਜੇ ਜੀਊਂਦੇ ਹਨ, ਤਾਂ ਬੇਇੱਜ਼ਤ ਹੋ ਕੇ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ। ਨਾਨਕ ਅਵਰੁ ਨ ਜੀਵੈ ਕੋਇ।
ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।- ਵਾਰ ਮਾਝ ੧, ਸਲੋਕੁ ਮ: ੧ (142/10)

ਇਸੇ ਲਈ ਵਾਹਿਗੁਰੂ ਨਾਮ ਦਾ ਅਭਿਆਸ ਸਤਿਗੁਰਾਂ ਸਾਨੂੰ ਦ੍ਰਿੜ੍ਹ ਕਰਵਾਇਆ ਤੇ ਇਸੇ ਲਈ ਇਸ ਅਭਿਆਸ ਨੂੰ ਅਰਦਾਸ ਦੇ ਸੁਘੜ ਰਚੈਤਿਆਂ ਅਰਦਾਸ ਦੇ ਅੰਦਰ ਵੀ ਸ਼ਾਮਿਲ ਕਰ ਲਿਆ।

1. ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ, ਵਾਹੁ ਵਾਹੁ ਕਰਿ ਧ੍ਯਾਇਯਉ। —ਸਵਯੇ ੪, ਬਲ੍ਯ (1405/9)
2. ਭਈ ਪਰਾਪਤਿ ਮਾਨੁਖ ਦੇਹੁਰੀਆ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ। —ਆਸਾ ਮ: ੫ (12/6)
3. ਦੁਲਭ ਦੇਹ ਪਾਈ ਵਡਭਾਗੀ। ਨਾਮੁ ਨ ਜਪਹਿ ਤੇ ਆਤਮਘਾਤੀ। —ਗਉੜੀ ਮ: ੫ (188/6)
4. ਖਸਮੁ ਵਿਸਾਰਹਿ ਤੇ ਕਮਜਾਤਿ। ਨਾਨਕ ਨਾਵੈ ਬਾਝੁ ਸਨਾਤਿ। —ਆਸਾ ਮ: ੧ (10/1)
5. ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ। —ਸੋਰਠ ਵਾਰ ੪, ਸਲੋਕ ਮ: ੩ (648/18)


www.AKJ.Org

# ਭਾਈ ਰਣਧੀਰ ਸਿੰਘ ਜੀ ਨਾਰੰਗਵਾਲ

[ਸ: ਕੁਲਦੀਪ ਸਿੰਘ ਜੀ ਹਉਰਾ]

**ਭਾਈ** ਸਾਹਿਬ ਰਣਧੀਰ ਸਿੰਘ ਜੀ ਇਕ ਪ੍ਰਤਿਭਾਵਾਨ ਸ਼ਖਸੀਅਤ ਦੇ ਮਾਲਕ ਹੋਏ ਹਨ। ਆਪ ਸੱਚੇ-ਸੁੱਚੇ ਤਿਆਰ-ਬਰ-ਤਿਆਰ, ਸੰਤ-ਸਿਪਾਹੀ,ਦੀਦਾਰੀ ਤੇ ਪਰਉਪਕਾਰੀ ਗੁਰਸਿੱਖ ਸਨ। ਨਾਮ ਬਾਣੀ ਤੇ ਸਿਮਰਨ-ਅਭਿਆਸ ਕਾਰਨ ਆਪ ਦਾ ਜੀਵਨ ਬੜਾ ਪ੍ਰਭਾਵਸ਼ਾਲੀ ਸੀ। ਜੋ ਵਿਅਕਤੀ ਵੀ ਆਪ ਦੇ ਸੰਪਰਕ ਵਿਚ ਆਇਆ, ਆਪ ਤੋਂ ਪ੍ਰਭਾਵਤ ਹੋਏ ਬਗੈਰ ਨਾ ਰਹਿ ਸਕਿਆ। ਆਪ ਨੇ ਆਪਣੀ ਆਯੂ ਦਾ ਬਹੁਤਾ ਸਮਾਂ ਕੀਰਤਨ ਦਾ ਰਸ ਮਾਨਣ ਤੇ ਹੋਰਨਾਂ ਤੱਕ ਇਸ ਰਸ ਨੂੰ ਪਹੁੰਚਾਉਣ ਵਿਚ ਬਿਤਾਇਆ।

ਉਨ੍ਹਾਂ ਦਾ ਜਨਮ ੭ ਜੁਲਾਈ, ੧੮੭੮ ਨੂੰ ਸ. ਨੱਥਾ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁੱਖੋਂ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਆਪ ਦੇ ਪਿਤਾ ਜੀ ਨਾਭਾ ਹਾਈ ਕੋਰਟ ਦੇ ਜੱਜ ਸਨ।

ਭਾਈ ਸਾਹਿਬ ਦਾ ਬਚਪਨ ਆਪਣੇ ਪਿੰਡ ਵਿਚ ਬੀਤਿਆ। ੧੯੦੦ ਵਿਚ ਆਪ ਨੇ ਬੀ.ਏ. ਪਾਸ ਕੀਤੀ। ਆਪ ਨੂੰ ਨਿਤਨੇਮ ਕਰਨ ਦੀ ਦਾਤ ਵਿਰਸੇ ਵਿਚ ਹੀ ਮਿਲੀ ਸੀ ਤੇ ਪੜ੍ਹਾਈ ਦੇ ਦਿਨਾਂ ਵਿਚ ਵੀ ਆਪ ਨੇ ਨਿਤਨੇਮ ਕਦੇ ਨਹੀਂ ਸੀ ਖੁੰਝਾਇਆ। ਬੀ. ਏ. ਕਰਨ ਪਿੱਛੋਂ ੧੯੦੨ ਵਿਚ ਆਪ ਨਾਇਬ ਤਹਿਸੀਲਦਾਰ ਲੱਗ ਗਏ। ਆਪ ਨੇ ਆਪਣਾ ਕੰਮ ਲਗਨ, ਮਿਹਨਤ ਤੇ ਦ੍ਰਿੜ੍ਹਤਾ ਨਾਲ ਕੀਤਾ। ਫਲਸਰੂਪ ਆਪ ਨੂੰ ਤਹਿਸੀਲਦਾਰ ਬਣਾਏ ਜਾਣ ਦੀ ਸਿਫ਼ਾਰਸ਼ ਕੀਤੀ ਗਈ, ਪਰ ਸਰਕਾਰੀ ਮਸ਼ੀਨਰੀ ਵਿਚ ਬੇਈਮਾਨੀ, ਰਿਸ਼ਵਤਖ਼ੋਰੀ ਤੇ ਹੋਰ ਅਨੇਕਾਂ ਬੁਰਾਈਆਂ ਵੇਖ ਕੇ, ਆਪ ਦਾ ਹਿਰਦਾ ਦੁੱਖੀ ਸੀ ਤੇ ਆਪ ਨੇ ਨੌਕਰੀ ਨਾ ਕਰਨ ਦਾ ਮਨ ਬਣਾ ਲਿਆ। ੧੪ ਜੂਨ, ੧੯੦੩ ਨੂੰ ਆਪ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਗੁਰਬਾਣੀ ਦਾ ਪਾਠ, ਕੀਰਤਨ ਤੇ ਸਤਿਸੰਗ ਆਪ ਦੇ ਜੀਵਨ ਦੇ ਆਧਾਰ ਬਣ ਗਏ।

੧੯੦੮ ਵਿਚ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਖੇ ਆਪ ਨੇ 'ਖਾਲਸਾ ਦੀਵਾਨ' ਦੀ ਨੀਂਹ ਰੱਖੀ। ੧੯੦੮ ਤੋਂ ੧੯੧੪ ਤੱਕ ਦਾ ਸਮਾਂ ਆਪ ਨੇ ਸਤਿਸੰਗ-ਸਮਾਗਮਾਂ, ਅਖੰਡ ਪਾਠਾਂ ਤੇ ਅਖੰਡ-ਕੀਰਤਨ ਮੰਡਲਾਂ ਦਾ ਆਨੰਦ ਮਾਣਦਿਆਂ ਬਤੀਤ ਕੀਤਾ। ੧੯੧੪ ਨੂੰ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ-ਮੇਲੇ ਸਮੇਂ ਚਮਕੌਰ ਸਾਹਿਬ ਵਿਚ ਗੁਰਮਤਿ ਤੇ ਸਿੱਖ ਰਹਿਤ ਮਰਯਾਦਾ ਤੋਂ ਉਲਟ ਕਈ ਕਾਰਵਾਈਆਂ ਵੇਖ ਕੇ ਉਹਨਾਂ ਨੇ ਪੁਜਾਰੀਆਂ ਤੇ ਪ੍ਰਬੰਧਕਾਂ ਨੂੰ ਚੰਗੀ ਤਰ੍ਹਾਂ ਸੋਧ ਕੇ ਗੁਰਧਾਮਾਂ ਦਾ ਕਬਜ਼ਾ ਤੇ ਪ੍ਰਬੰਧ ਪੰਥ ਦੇ ਹੱਥਾਂ ਵਿਚ ਸੌਂਪਿਆ।

ਸਰਕਾਰ ਵਲੋਂ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਢਾਹੁਣ ਸਮੇਂ ਜੋ ਮੋਰਚਾ ਪੰਥ ਵੱਲੋਂ ਲਗਾਇਅ ਗਿਆ ਤੇ ਜੋ ਸੰਘਰਸ਼ ਸਫਲਤਾ ਮਿਲਣ ਤੱਕ ਚੱਲਿਆ, ਉਸ ਵਿਚ ਭਾਈ ਸਾਹਿਬ ਦਾ ਯੋਗਦਾਨ ਬੜਾ ਮਹੱਤਵਪੂਰਨ ਸੀ। ਜਦੋਂ ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਤਾਂ ਬਹੁਤ ਸਾਰੇ ਗ਼ਦਰੀ ਭਾਰਤ ਵਿਚ ਵੀ ਪਹੁੰਚ ਗਏ। ਉਸ ਸਮੇਂ ਭਾਈ ਸਾਹਿਬ ਵੀ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਏ। ਗ਼ਦਰ ਪਾਰਟੀ ਵੱਲੋਂ ਫੌਜੀ ਛਾਉਣੀਆਂ ਵਿਚ ਇਕ ਦਮ ਗ਼ਦਰ ਕਰ ਦੇਣ ਲਈ ੧੯ ਫਰਵਰੀ, ੧੯੧੫ ਦਾ ਦਿਨ ਮਿਥਿਆ ਗਿਆ ਸੀ। ੩੦ ਮਾਰਚ, ੧੯੧੬ ਨੂੰ ਉਨ੍ਹਾਂ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕਰਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ੪ ਅਪ੍ਰੈਲ ਨੂੰ ਆਪ ਨੂੰ ਮੁਲਤਾਨ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ, ਜਿੱਥੇ ੧੩ ਮਈ ਤੱਕ ਆਪ ਨੇ ਚਾਲ੍ਹੀ ਦਿਨਾਂ ਦੀ ਭੁੱਖ ਹੜਤਾਲ ਰੱਖੀ। ੧੫ ਮਈ, ੧੯੩੦ ਨੂੰ ਉਨ੍ਹਾਂ ਨੂੰ ਲਾਹੌਰ ਜੇਲ੍ਹ ਵਿਚ ਲੈ ਆਂਦਾ ਗਿਆ, ਜਿੱਥੇ ਉਨ੍ਹਾਂ ਦਾ ਮੇਲ ਪ੍ਰਸਿੱਧ ਇਨਕਲਾਬੀ ਸ: ਭਗਤ ਸਿੰਘ ਨਾਲ ੪ ਅਕਤੂਬਰ ੧੯੩੦ ਨੂੰ ਹੋਇਆ। ਇਸ ਮਿਲਣੀ ਤੋਂ ਦੇਸ਼-ਭਗਤ ਸ਼ਹੀਦ-ਇ-ਆਜ਼ਮ ਸ: ਭਗਤ ਸਿੰਘ ਬਹੁਤ ਪ੍ਰਭਾਵਤ ਹੋਇਆ।

ਆਖ਼ਰ ਸੋਲ੍ਹਾਂ ਸਾਲਾਂ ਤੋਂ ਵੱਧ ਸਮੇਂ ਲਈ ਅੱਡ-ਅੱਡ ਜੇਲ੍ਹਾਂ ਵਿਚ ਰੱਖਣ ਉਪਰੰਤ ਭਾਈ ਸਾਹਿਬ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਈ ਪਿੱਛੋਂ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਆਪ ਦੀਆਂ ਦੇਸ਼ ਤੇ



www.AKJ.Org

ਪੰਥ ਲਈ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ੧੫ ਸਤੰਬਰ, ੧੯੩੧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਉਨ੍ਹਾਂ ਨੂੰ 'ਹੁਕਮਨਾਮਾ' ਤੇ 'ਸਿਰੋਪਾਓ' ਬਖਸ਼ਿਸ਼ ਕੀਤਾ ਗਿਆ।

ਜੇਲ੍ਹਾਂ ਤੋਂ ਰਿਹਾਈ ਪਿੱਛੋਂ 'ਕੀਰਤਨ ਮੰਡਲ' ਫੇਰ ਚਾਲੂ ਹੋ ਗਏ। ੧੯੩੧ ਤੋਂ ੧੯੬੧ ਤੱਕ ਦਾ ਸਮਾਂ ਭਾਈ ਸਾਹਿਬ ਨੇ ਅਖੰਡ ਪਾਠਾਂ, ਅਖੰਡ ਕੀਰਤਨ ਮੰਡਲਾਂ ਵਿਚ ਬਿਤਾਇਆ। ਆਪ ੮੩ ਸਾਲਾਂ ਦੀ ਆਯੂ ਭੋਗ ਕੇ ੧੬ ਅਪ੍ਰੈਲ, ੧੯੬੧ ਨੂੰ ਗੁਰਪੁਰੀ ਸਿਧਾਰ ਗਏ। ਆਪ ਨੇ ਸਮੁੱਚਾ ਜੀਵਨ ਸਰਬ-ਲੋਹ ਦੀ ਧਾਰਨਾ ਤੇ ਕੇਸਾਂ-ਸੁਆਸਾਂ ਸੰਗ ਨਿਭਾਇਆ।

'ਅਖੰਡ ਕੀਰਤਨੀ ਜਥਾ' ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਅਣਮੁੱਲਾ ਵਿਰਸਾ ਹੈ, ਜੋ ਝੱਖੜਾਂ ਤੇ ਵਾ-ਵਰੋਲਿਆਂ ਵਿਚ ਵੀ ਪਰਬੱਤ ਵਾਂਗ ਅਡੋਲ ਆਪਣੀ ਨੁਹਾਰ ਕਾਇਮ ਰੱਖ ਰਿਹਾ ਹੈ। ਇਹਨਾਂ ਦਾ ਕਿਸੇ ਰਾਜਨੀਤੀ ਨਾਲ ਵਾਸਤਾ ਨਹੀਂ। ਭਾਈ ਸਾਹਿਬ ਆਪਣੇ ਪਿੱਛੇ ਗੁਰਮਤਿ ਨੂੰ ਉਜਾਗਰ ਕਰਨ ਵਾਲਾ ਬਹੁ-ਮੁੱਲਾ ਖ਼ਜ਼ਾਨਾ ਪੁਸਤਕਾਂ ਦੇ ਰੂਪ ਵਿਚ ਛੱਡ ਗਏ ਹਨ, ਜਿਨ੍ਹਾਂ ਵਿਚੋਂ ਕੁਝ ਪ੍ਰਸਿੱਧ ਨਾਂ ਇਹ ਹਨ :–

੧. ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? ੨. ਅਣਡਿੱਠੀ ਦੁਨੀਆ। ੩. ਰੰਗਲੇ ਸੱਜਣ। ੪. ਜੇਲ੍ਹ ਚਿੱਠੀਆਂ। ੫. ਅੰਮ੍ਰਿਤ ਕੀ ਹੈ ? ੬. ਗੁਰਮਤਿ ਨਾਮ ਅਭਿਆਸ ਕਮਾਈ। ੭. ਗੁਰਮਤਿ ਸੱਚ ਨਿਰਣੇ। ੮. ਗੁਰਮਤਿ ਬਿਬੇਕ। ੯ ਗੁਰਮਤਿ ਲੇਖ। ੧੦. ਗੁਰਮਤਿ ਪ੍ਰਕਾਸ਼, ਆਦਿ।

# ਟੈਲੀਵਿਯਨ ਸਿਖ ਪਨੀਰੀ ਲਈ

ਟੈਲੀਵਿਯਨ ਉਤੇ ਰੰਗ ਬਰੰਗੀਆਂ ਤਸਵੀਰਾਂ, ਨਚਦੇ ਟਪਦੇ ਬੰਦੇ, ਹਸਦੇ ਖੇਡਦੇ ਚਿਹਰੇ, ਭਾਂਤੋ ਭਾਂਤੀ ਪਹਿਰਾਵਿਆਂ ਤੇ ਨਵੇਂ ਨਵੇਂ ਫ਼ੈਸ਼ਨਾਂ ਦੀਆਂ ਪ੍ਰਦਰਸ਼ਨੀਆਂ ਭੋਲੇ ਭਾਲੇ ਬੱਚਿਆਂ ਦੀ ਖਿਚ ਦਾ ਕਾਰਨ ਹੁੰਦੇ ਹਨ। ਉਹ ਆਪਣੇ ਸਭ ਰੁਝੇਵੇਂ ਛਡ ਕੇ, ਸਕੂਲੀ ਪੜ੍ਹਾਈ ਦਾ ਕੰਮ ਵੀ ਪਾਸੇ ਰਖ ਕੇ ਟੈਲੀਵਿਯਨ ਵਲ ਨਸੇ ਜਾਂਦੇ ਹਨ।

ਨਿਤਨੇਮ ਕਰਨ, ਸੋਦਰ ਕਰਨ ਜਾਂ ਗੁਰਦੁਆਰੇ ਜਾਣ, ਜਾਂ ਸੰਗਤ ਤੇ ਸਤਿਗੁਰੂ ਦੇ ਦਰਸ਼ਨ ਕਰਨ, ਬੱਚਿਆਂ ਲਈ ਇਹ ਸਭ ਕੁਝ ਟੈਲੀਵਿਯਨ ਵੇਖਣ ਦੇ ਸਾਹਮਣੇ ਮੁਸ਼ਕਲ ਜਾਪਦਾ ਹੈ। ਉਹ ਰੰਗਾ-ਰੰਗ ਦੀ ਦੁਨੀਆ ਵੇਖਣ ਲਈ ਭਜੇ ਜਾਂਦੇ ਹਨ।

ਟੈਲੀਵਿਯਨ ਬੱਚਿਆਂ ਲਈ ਮਿੱਠਾ ਜ਼ਹਿਰ ਹੈ, ਜੋ ਸਹਿਜੇ ਸਹਿਜੇ ਉਨ੍ਹਾਂ ਦਾ ਸਿੱਖੀ ਜੀਵਨ ਤਬਾਹ ਕਰ ਰਿਹਾ ਹੈ। ਟੈਲੀਵਿਯਨ ਦੇ ਚੁਲਬੁਲੇ ਨਾਜ਼ੋ ਨਖ਼ਰੇ ਵੇਖ ਕੇ ਬੱਚਿਆਂ ਦੇ ਅੰਦਰ ਉਹੀ ਪ੍ਰਭਾਵ ਪੈਂਦੇ ਜਾਣਗੇ। ਬੱਚੇ ਚੰਚਲ, ਚਲਾਕ ਅਤੇ ਚੁਲਬੁਲੇ ਸੁਭਾਵ ਵਾਲੇ ਹੁੰਦੇ ਜਾਣਗੇ। ਫ਼ੈਸ਼ਨਾਂ ਦੇ ਪਟੇ ਹੋਏ ਹਰ ਵੇਲੇ ਆਪਣੇ ਆਪ ਨੂੰ ਸੰਵਾਰਨ ਸ਼ਿੰਗਾਰਨ ਦੀ ਹੀ ਚਿਤਾਵਨੀ ਚਿਤਵਦੇ ਰਹਿਣਗੇ।

ਟੈਲੀਵਿਯਨ ਵੇਖਣ ਵਾਲੇ ਬੱਚਿਆਂ ਅੰਦਰ ਬਜ਼ੁਰਗਾਂ, ਮਾਪਿਆਂ ਅਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਘਟ ਹੀ ਨਜ਼ਰ ਆਏਗਾ। ਨਿਮਰਤਾ, ਗ਼ਰੀਬੀ ਅਤੇ ਹਲੀਮੀ ਉਨ੍ਹਾਂ ਦੇ ਅੰਦਰ ਰਹਿ ਹੀ ਨਹੀਂ ਸਕਦੀ। ਹਰੇਕ ਨਾਲ ਪ੍ਰੇਮ-ਪਿਆਰ ਤੇ ਮਿਠ-ਬੋਲੇ ਬੋਲ ਬੋਲਣੇ ਉਹ ਇਥੋਂ ਨਹੀਂ ਸਿਖ ਸਕਦੇ।

ਦਇਆ, ਧਰਮ, ਸਤ, ਸੰਤੋਖ, ਪਰਉਪਕਾਰ, ਸੇਵਾ ਸਿਮਰਨ ਦਾ ਚਾਅ-ਉਮਾਹ, ਦੁਖੀਆਂ ਦਾ ਦਰਦ ਵੰਡਾਣਾ, ਇਸਤ੍ਰੀਆਂ ਦੀ ਪਤ-ਅਬਰੋ ਕਾਇਮ ਰਖਣ ਲਈ ਆਪਾ ਤਕ ਵਾਰ ਦੇਣਾ ਇਹ ਗੁਰਸਿਖੀ ਦੇ ਉਤਮ ਗੁਣ ਹਨ। ਕੀ ਟੈਲੀਵਿਯਨ ਤੇ ਰੰਗ-ਰੰਗੀਲੀਆਂ, ਚਟਕੀਲੀਆਂ ਮਟਕੀਲੀਆਂ ਫ਼ਿਲਮਾਂ ਵੇਖ ਕੇ ਬੱਚੇ ਗੁਰਸਿੱਖੀ ਦੇ ਉਚੇ ਸੁੱਚੇ ਗੁਣਾਂ ਨੂੰ ਧਾਰਨ ਕਰਨਗੇ ? ਕੀ ਉਹ ਉਤਮ ਰਹਿਣੀ-ਬਹਿਣੀ ਵਾਲੇ ਹੋਣਗੇ ਜਾਂ ਐਬੀ ਤੇ ਸ਼ਰਾਬੀ ਕਬਾਬੀ ਬਣਨਗੇ ? ਦਿਨੇ-ਰਾਤ ਟੀ.ਵੀ. ਵੇਖਣ ਵਾਲੇ ਬੱਚਿਆਂ ਤੋਂ ਕੀ ਆਸ ਹੋ ਸਕਦੀ ਹੈ ? ਉਹ ਸਭ ਕੁਝ ਬਰਬਾਦ ਕਰ ਲੈਣਗੇ।

ਗੁਰਸਿਖ ਵੀਰੋ ! ਸੱਚੋ, ਵਿਚਾਰੋ, ਨਿਰਣਾ ਕਰ ਕੇ ਭਵਿਖਤ ਸਾਹਮਣੇ ਲਿਆਓ। ਕੀ ਅਸੀਂ ਆਪਣੇ ਬੱਚਿਆਂ ਦੇ ਸਜਣ ਹਾਂ ਜਾਂ ਦੁਸ਼ਮਣ ? ਜੇ ਆਪਣੇ ਬੱਚਿਆਂ ਦਾ ਭਲਾ ਲੋੜਦੇ ਹੋ ਤਾਂ ਇਸ ਫ਼ਿਲਮੀ ਦੁਨੀਆ ਤੋਂ ਬੱਚਿਆਂ ਨੂੰ ਬਚਾਓ । ਜਿਵੇਂ ਹੋ ਸਕਦਾ ਹੈ, ਹਰ ਹੀਲੇ ਇਨ੍ਹਾਂ ਪਿਆਰੇ ਫੁੱਲਾਂ ਨੂੰ ਗੁਰਸਿੱਖੀ ਮਾਰਗ ਵਲ ਤੋਰੋ। ਆਪ ਅੰਮ੍ਰਿਤ ਨੂੰ ਸਫਲ ਕਰੋ, ਰਹਿਣੀ ਬਹਿਣੀ ਵਿਚ ਪਰਪੱਕ ਹੋਵੋ, ਅੰਮ੍ਰਿਤ ਵੇਲੇ ਉਠ ਕੇ ਤਿਆਰ ਹੋਵੋ, ਨਾਮ-ਸਿਮਰਨ ਤੇ ਗੁਰਬਾਣੀ ਨਾਲ ਜੁੜੋ ਅਤੇ ਆਪਣੀਆ ਮਾਸੂਮ ਜਿੰਦੜੀਆਂ ਨੂੰ ਗੁਰਸਿਖੀ-ਜੀਵਨ ਦੀ ਜਾਗ ਲਾਵੋ।

ਜੇ ਅਸਾਂ ਸਿਖ ਪਨੀਰੀ ਨੂੰ ਗੁਰਸਿਖੀ ਵਲੋਂ ਖੁਲ੍ਹੀਆਂ ਛੁਟੀਆਂ ਦੇਈ ਰਖੀਆਂ ਅਤੇ ਫੁਲਵਾੜੀ ਦੀ ਸਾਂਭ-ਸੰਭਾਲ ਨਾ ਕੀਤੀ ਤਾਂ ਫਿਰ ਆਉਂਦੀ ਪਨੀਰੀ ਸਿੱਖੀ ਤੋਂ ਦੂਰ ਚਲੀ ਜਾਵਾਂਗੇ।

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | |
|---|---|
| ਬੀਬੀ ਪ੍ਰਕਾਸ਼ ਕੌਰ, ਕੁਰਾਲੀ (ਸ਼ਹੀਦੀ ਫ਼ੰਡ) | ੫੦੦-੦੦ |
| ਭਾ: ਦੁਰਲਭ ਸਿੰਘ ਅਮਰਜੀਤ ਸਿੰਘ ਰੇਖੀ, ਅਮ੍ਰੀਕਾ | ੩੦੦੦-੦੦ |
| ਭਾਈ ਜਗਤਾਰ ਸਿੰਘ, ਤਰਨ ਤਾਰਨ | ੭੦੦-੦੦ |
| ਭਾਈ ਗੁਰਬਖਸ਼ ਸਿੰਘ, ਮੁਹਾਲੀ | ੧੦੦੦-੫੦ |
| ਭਾਈ ਹਰਜਿੰਦਰ ਸਿੰਘ, ਬਠਿੰਡਾ | ੧੦੦-੦੦ |
| ਇਕ ਪ੍ਰੇਮੀ | ੧੭੦-੦੦ |
| ਸ: ਮਨਜੀਤ ਸਿੰਘ, ਵਿਨਸਨਗ੍ਰੀਨ ਯੂ.ਕੇ. | ੪੨੬੦-੬੦ |
| ਬੀਬੀ ਰੇਸ਼ਮ ਕੌਰ, ਵਿਨਸਨ ਗ੍ਰੀਨ | ੨੬੩-੦੦ |
| ਸਾਧ ਸੰਗਤ, ਲੇਟਨ ਯੂ. ਕੇ. | ੬੨੧੦-੦੦ |
| ਸਾਧ ਸੰਗਤ, ਗਰੇਵਜ਼ੈਂਡ ਯੂ.ਕੇ. | ੨੩੨੨-੦੦ |
| ਭਾਈ ਮੰਗਲ ਸਿੰਘ, ਸਾਊਥਾਲ ਯੂ.ਕੇ. | ੧੨੬੯-੦੦ |
| ਸੁਪਰਕਾਸਟ ਫ਼ੌਂਡਰੀਜ਼ ਵਰਕਰਜ਼, ਵੈਸਟ ਬ੍ਰਾਮਵਿਚ | ੫੯੪੦-੦੦ |
| ਗੁਪਤ ਸਿੰਘ ...... | ੨੦-੦੦ |
| ਭਾਈ ਸੇਵਕ ਸਿੰਘ, ਸਿੰਘ ਸਭਾ ਨਾਰਨੌਲ | ੧੦੦-੦੦ |
| ਗੁਪਤ ...... | ੨੦੦-੦੦ |
| ਭਾਈ ਹਰਬੰਸ ਸਿੰਘ ਭਿਲਾਈ | ੫੦੦-੦੦ |
| ਭਾਈ ਜਸਪਾਲ ਸਿੰਘ, ਮਸਕਟ | ੪੦੦-੦੦ |
| ਸਾਧ ਸੰਗਤ, ਬਰਮਿੰਘਮ ਯ.ਕੇ. | ੧੫੬੬-੦੦ |
| ਭਾਈ ਰਘਬੀਰ ਸਿੰਘ, ਲਮਿੰਗਟਨ ਯੂ.ਕੈ. | ੧੩੫੦-੦੦ |
| ਭਾਈ ਕੇਵਲ ਸਿੰਘ, ਸਲੋਅ ਯੂ.ਕੇ. | ੨੭੦੦-੦੦ |
| ਭਾਈ ਚਰਨਜੀਤ ਸਿੰਘ, ਈਸਟ-ਹੈਮ ਲੰਡਨ | ੧੬੨੦-੦੦ |
| ਭਾਈ ਕੁਲਵੰਤ ਸਿੰਘ. ਨੌਟਿੰਘਮ ਯੂ.ਕੇ. | ੫੪੦-੦੦ |
| ਭਾਈ ਮਹਿੰਦਰ ਸਿੰਘ. ਵੈਸਟ ਬ੍ਰਾਮਵਿਚ ਯੂ.ਕੇ. | ੬੭੫-੦੦ |
| ਸਾਧ ਸੰਗਤ ਗੁਰਦੁਆਰਾ ਬ੍ਰਾਮਵਿਚ | ੩੩੭੫-੦੦ |
| ਬੀਬੀ ਉਪਿੰਦਰ ਕੌਰ, ਸਲੋਅ ਯੂ.ਕੇ. | ੩੮੪-੭੫ |
| ਭਾਈ ਅਮਰੀਕ ਸਿੰਘ, ਬਰਮਿੰਘਮ ਯੂ.ਕੇ. | ੯੭੨-੦੦ |
| ਭਾਈ ਬਖਸ਼ੀਸ਼ ਸਿੰਘ, ਬਰਮਿੰਘਮ ਯੂ.ਕੇ. | ੨੩੨੨-੦੦ |
| ਭਾਈ ਹਰਜੀਤ ਸਿੰਘ, ਟਵਿਕਨਹੈਮ, ਯੂ.ਕੇ. | ੨੭੦੦-੦੦ |

| | |
|---|---|
| ਭਾ: ਮਲਕੀਅਤ ਸਿੰਘ ਸਲੋਅ ਯੂ.ਕੇ. (ਸ਼ਹੀਦੀ ਫੰਡ) | ੫੪੦-੦੦ |
| ਭਾਈ ਮੋਹਨ ਸਿੰਘ, ਸਲੋਅ ਯੂ.ਕੇ. | ੨੭੦-੦੦ |
| ਭਾ: ਦੀਦਾਰ ਸਿੰਘ ਨਿਰਮਲ ਸਿੰਘ ਹਡਰਜ਼ਫੀਲਡ | ੧੩੫੦੦-੦੦ |
| ਸੂਬੇਦਾਰ ਗੁਰਮੁਖ ਸਿੰਘ ਮਾਨਖੇਰੀ (**ਹੜ੍ਹ-ਪੀੜਤਾਂ ਲਈ**) | ੫੦-੦੦ |
| ਭਾ: ਦੁਰਲਭ ਸਿੰਘ ਅਮਰਜੀਤ ਸਿੰਘ ਰੇਖੀ ਅਮ੍ਰੀਕਾ | ੧੦੦੦-੦੦ |
| ਭਾਈ ਸੁਰਜੀਤ ਸਿੰਘ ਅੰਮ੍ਰਿਤਸਰ | ੧੫੧-੦੦ |
| ਭਾ: ਸੁਖਵੀਰ ਸਿੰਘ ਖਾਲਸਾ, ਔਕਲੈਂਡ ਨਿਊਜ਼ੀਲੈਂਡ | ੪੪੧-੬੦ |
| ਭਾ: ਲਾਲ ਸਿੰਘ ਖਾਲਸਾ ,, ,, | ੪੪੧-੬੦ |
| ਭਾ: ਰਣਜੀਤ ਸਿੰਘ ਖਾਲਸਾ ,, ,, | ੮੮-੪੦ |
| ਭਾ: ਗੁਰਨੇਕ ਸਿੰਘ ਖਾਲਸਾ ,, ,, | ੩੫੩-੩੦ |
| ਭਾ: ਪਲਵਿੰਦਰ ਸਿੰਘ ਖਾਲਸਾ ,, ,, | ੮੮-੪੦ |
| ਭਾ: ਜਸਵਿੰਦਰ ਸਿੰਘ ਸੰਧੂ ,, ,, | ੧੭੬-੭੦ |
| ਭਾ: ਫਤਹ ਸਿੰਘ ,, ,, | ੧੫੦-੨੫ |
| ਭਾ: ਪਰਮਜੀਤ ਸਿੰਘ ਪੰਕੀ ,, ,, | ੪੪-੨੫ |
| ਭਾਈ ਕੁਲਦੀਪ ਸਿੰਘ, ਜਲਾਹਲੀ | ੧੦੦-੦੦ |
| ਭਾਈ ਗੁਰਦਿਆਲ ਸਿੰਘ, ਅੰਮ੍ਰਿਤਸਰ | ੧੦੧-੦੦ |
| ਭਾਈ ਗੁਰਮੁਖ ਸਿੰਘ, ਅੰਮ੍ਰਿਤਸਰ | ੫੧-੦੦ |
| ਸਾਧ ਸੰਗਤ ਰਾਮਗੜ੍ਹੀਆ ਗੁਰਦੁਆਰਾ ਤੇ ਕੌਮੀ ਕੇਂਦਰ ਪ੍ਰ: ਕਮੇਟੀ, ਕੋਵੈਂਟਰੀ ਯੂ.ਕੇ. | ੧੮੦੦੩-੦੦ |
| ਸ੍ਰੀਮਤੀ ਸੁਰਜੀਤ ਕੌਰ, ਮੋਗਾ | ੧੫੦-੦੦ |
| ਗੁਪਤ (ਪਟਿਆਲਾ) | ੭੦੦੦-੦੦ |
| ਭਾਈ ਹਰਜੀਤ ਸਿੰਘ ਲਖਪੁਰੀ ਯੂ.ਕੇ. | ੧੬੦੦-੦੦ |
| ਗਿਆਨੀ ਹਰਬੰਸ ਸਿੰਘ ਤੇਗ, ਯੂ.ਕੇ. | ੧੬੦੦-੦੦ |
| ਸ: ਹਰਭਜਨ ਸਿੰਘ, ਮਲੇਸ਼ੀਆ | ੬੩੨-੦੦ |
| ਸੂਬੇਦਾਰ ਗੁਰਮੁਖ ਸਿੰਘ ਮਾਨਖੇਰੀ (ਮਦਰਾਸੀ ਪ੍ਰਵਾਰ ਲਈ) | ੧੦੦-੦੦ |
| ਖਾਲਸਾ ਪ੍ਰਵਾਰ ਸ਼ਿਮਲਾ (ਮਦਰਾਸੀ ਪ੍ਰਵਾਰ ਲਈ ਸੌ ਰੁਪਏ ਮਾਸਕ) | ੯੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਸੁਖਵਿੰਦਰ ਕੌਰ, ਵਡਾਲਾ ਕਲਾਂ ਅੰਮ੍ਰਿਤਸਰ (ਪਤੀ ਜੇਲ੍ਹ, ਕੇਸ ਨੂੰ ਪੈਰਵੀ ਲਈ) | ੫੦੦੦-੦੦ |
| ਬੀਬੀ ਸਵਿੰਦਰ ਕੌਰ ਪਤਨੀ ਭਾ: ਬਖਸ਼ੀਸ਼ ਸਿੰਘ, ਬੁਤਾਲਾ (ਪਤੀ ਜੇਲ੍ਹ, ਘਰੇਲੂ ਲੋੜਾਂ, Feturnable) | ੮੦੦੦-੦੦ |
| ਸ: ਅਵਤਾਰ ਸਿੰਘ ਪੁਤਰ ਸ: ਕੇਹਰ ਸਿੰਘ, ਖੁਡਾ ਗੁਰਦਾਸਪੁਰ (ਘਰ ਬਾਰ ਤੇ ਫਸਲ ਤਬਾਹ) | ੫੦੦੦-੦੦ |
| ਸ: ਬਲਬੀਰ ਸਿੰਘ ਪੁਤਰ ਸ: ਸੁਰੈਣ ਸਿੰਘ, ਖੰਡ ਮਿਲ ਬਟਾਲਾ ਲਾਗੇ (ਸਭ ਕੁਝ ਤਬਾਹ) | ੫੦੦੦-੦੦ |
| ਸ: ਸਤਨਾਮ ਸਿੰਘ ਪੁਤਰ ਸ: ਕਰਮ ਸਿੰਘ ਭੈਣੀ ਭਸਵਾਲ ਗੁਰਦਾਸਪੁਰ (ਸਭ ਕੁਝ ਤਬਾਹ) | ੫੦੦੦-੦੦ |
| ਸ: ਸਰਬਜੀਤ ਸਿੰਘ ਅੰਮ੍ਰਿਤਸਰ (ਬੰਬ-ਕਾਂਡ ਵਿਚ ਸਖ਼ਤ ਜ਼ਖਮੀ ਮਾਸਕ ਸਹਾਇਤਾ ਰਾਜ਼ੀ ਹੋਣ ਤਕ | ੪੦੦-੦੦ |
| ਬੀਬੀ ਲਖਵਿੰਦਰ ਕੌਰ ਪਤਨੀ ਸ: ਕਰਨੈਲ ਸਿੰਘ, ਪਛੀਆਂ ਰਮਦਾਸ ਅੰਮ੍ਰਿਤਸਰ (ਫਸਲ ਆਦਿ ਤਬਾਹ) | ੨੦੦੦-੦੦ |
| ਫੌਜੀ ਤੇ ਸ਼ਹੀਦੀ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ ੨+੬+੫+੮+੨+੧=੨੪ | ੫੦੫੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰ ਵਾਸੀ ਭਾਈ ਭਜਨ ਸਿੰਘ ਮਦਰਾਸੀ ਪਰਵਾਰ | ੧੧੧੧-੦੦ |

www.AKJ.Org

## ਸੈਂਟਰਲ ਕੀਰਤਨ ਸਮਾਗਮ ਸਾਰੇ ਕੀਤੇ ਜਾਣਗੇ

ਸੰਗਤਾਂ ਦੀ ਗਿਆਤ ਲਈ ਦਸਿਆ ਜਾਂਦਾ ਹੈ ਕਿ ਸੈਂਟਰਲ ਕੀਰਤਨ ਸਮਾਗਮ ਪਹਿਲਾਂ ਵਾਂਗ ਸਾਰੇ ਹੀ ਸਮੂਹਕ ਤੌਰ ਤੇ ਕੀਤੇ ਜਾਇਆ ਕਰਨਗੇ, ਜਿਹਾ ਕਿ ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਗੁਰਪੁਰਬ, ਦੁਸਹਿਰੇ ਸਮੇਂ ਦਿਲੀ ਵਿਖੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ-ਅਖਾੜੇ, ਕਤਕ ਪੂਰਨਮਾਸ਼ੀ ਗੁਰਪੁਰਬ, ਪੋਹ ਸੁਦੀ ਸਪਤਮੀ ਅਤੇ ਵੈਸਾਖੀ ਆਦਿ। ਇਨ੍ਹਾਂ ਸੈਂਟਰਲ ਸਮਾਗਮਾਂ ਦੀ ਸੂਚਨਾ 'ਸੂਰਾ' ਵਿਚ ਵੀ ਛਾਪੀ ਜਾਇਆ ਕਰੇਗੀ।

ਸੰਗਤਾਂ ਦਾ ਸੇਵਕ—ਜਥੇਦਾਰ, ਅਖੰਡ ਕੀਰਤਨੀ ਜਥਾ

## ਯੂ. ਕੇ. ਵਿਖੇ ਕੀਰਤਨ ਰੈਣ ਸਬਾਈ

ਮਿਤੀ 20-5-89 ਨੂੰ ਗੁਰਦੁਆਰਾ ਸਿੱਖ ਟੈਂਪਲ, 19-ਜਾਰਜਿਜ਼ ਸਟਰੀਟ, ਨਾਰਥੈਂਪਟਨ ਯੂ.ਕੇ. ਵਿਖੇ।

ਫ਼ੋਨ ਗੁਰਦੁਆਰਾ : 060-34641, ਵਧੇਰੇ ਜਾਣਕਾਰੀ ਲਈ ਭਾਈ ਪਿਆਰਾ ਸਿੰਘ : 060-409980

## ਯੂ. ਕੇ. ਵਿਖੇ ਆਪਣੇ ਬਕਾਏ ਤੇ ਚੰਦੇ ਜਮ੍ਹਾ ਕਰਾਓ

S. Gurnam Singh, 10-Lambourne Gardens, Early, Reading, Berks. Phone 0734-67900

## ਰਿਸ਼ਤੇ ਨਾਤੇ—

ਨੋਟ—੧. ਚਿਠੀ ਵਾਲੇ ਲਫ਼ਾਫ਼ੇ ਤੇ ਐਡਰੈਸ ਲਿਖੋ : ਫ਼ਾਰਮ ਨੰ:..... ਸੂਰਾ ੩੯੦—ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ।———੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿੱਠੀ ਪੱਤਰ ਕਰੋ। ੩. ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਟਿਕਟਾਂ ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੩੫੨—੨੧ ਸਾਲਾ ਸਿੰਘ, ਕੱਦ ੫' ੬", ਬੀ ਕਾਮ ਵਿਚ ਪੜ੍ਹਦੇ, ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੫੩—ਸਾਢੇ ੨੨ ਸਾਲਾ ਸਿੰਘ, ਮੈਟ੍ਰਿਕ, ਆਪਣੀ ਟੈਕਸੀ, ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੫੪—੨੩ ਸਾਲਾ ਬੀਬੀ, ਕੱਦ ੫' ੩", ਮੈਟ੍ਰਿਕ ਪਾਸ, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੫੫—੨੭ ਸਾਲਾ ਬੀਬੀ, ਬੀ.ਏ. ਪਾਸ, ਸਿਲਾਈ ਕਢਾਈ ਜਾਣੂ, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੫੬—ਸਾਢੇ ੩੮ ਸਾਲਾ ਦੁਹਾਜੂ ਸਿੰਘ, ਟੀਚਰ, ਸਰਕਾਰੀ ਸਕੂਲ, ਮਾਸਕ ੨੧੦੦/- (ਪਰਵਾਰ : ੩ ਲੜਕੀਆਂ ਤੇ ਇਕ ਲੜਕਾ), ਲਈ ਦੁਹਾਜੂ (ਬੱਚੇ ਤੋਂ ਬਿਨਾ ਜਾਂ ਤਲਾਕ-ਸ਼ੁਦਾ) ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੫੭—੨੯ ਸਾਲਾ ਬੀਬੀ, ਬੀ.ਏ. ਪਾਸ, ਬੈਂਕ ਸਰਵਿਸ, ਮਾਸਕ ੨੦੦੦/, ਲਈ ਸਰਕਾਰੀ ਨੌਕਰੀ ਨੂੰ ਪਹਿਲ, ਵਰ ਦੀ ਲੋੜ ਹੈ।

ਫ਼ਾਰਮ ਨੰ: ੩੫੮—ਸਾਢੇ ੨੪ ਸਾਲਾ ਬੀਬੀ, ਕੱਦ ੫' ੩", ਬੀ. ਏ. ਦੁਬਾਰਾ ਕਰ ਰਹੀ, ਪੰਜਾਬੀ ਅਤੇ ਅੰਗਰੇਜ਼ੀ ਟਾਈਪ ਤੇ ਕੀਰਤਨ ਜਾਣਦੀ, ਲਈ ਕੇਵਲ ਅਖੰਡ ਕੀਰਤਨੀ ਜਥੇ ਚੋਂ ਤਿਆਰ ਪਰਵਾਰ ਦੇ ਵਰ ਦੀ ਲੋੜ ਹੈ।

ਫ਼ਾਰਮ ਨੰ: ੩੫੯—੨੯ ਸਾਲਾ ਸਿੰਘ, ਕਦ ੫' ੬", ਪ੍ਰੈਪ ਪਾਸ ਟੈਲੀਫੋਨ ਓਪ੍ਰੇਟਰ, ਮਾਸਕ ੧੨੫੦/-, ਲਈ ਯੋਗ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੬੦—ਸਾਢੇ ੨੭ ਸਾਲਾ ਸਿੰਘ, ਡਿਪਲੋਮਾ ਇਲੈਕਟ੍ਰੀਕਲ ਇੰਜੀਨੀਅਰਿੰਗ, ਲੈਕਚਰਰ, ਮਾਸਕ ੩੫੦੦/—, ਲਈ ਗਰੈਜੂਏਟ ਦਸਤਾਰ-ਧਾਰੀ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੬੧—ਸਾਢੇ ੨੨ ਸਾਲਾ ਬੀਬੀ, ਕੱਦ ੫' ੨" ਬੀ. ਐਸ. ਸੀ. (ਹੋਮ ਸਾਇੰਸ) ਪੜ੍ਹਦੀ, ਲਈ ਜ਼ਿਮੀਦਾਰ ਪ੍ਰਵਾਰ ਦੇ ਨੌਕਰੀ ਕਰਦੇ ਪੜ੍ਹੇ ਲਿਖੇ ਤੇ ਅਖੰਡ ਕੀਰਤਨੀ ਜਥੇ ਨਾਲ ਸੰਬੰਧਤ ਵਰ ਦੀ ਲੋੜ ਹੈ।

ਫ਼ਾਰਮ ਨੰ: ੩੬੨—੨੫ ਸਾਲਾ ਸਿੰਘ, ਕੱਦ ੫' ੩", ਮੈਟ੍ਰਿਕ ਆਈ ਟੀ ਆਈ ਬਿਜਲੀ ਦਾ ਦੋ ਸਾਲਾ ਕੋਰਸ ਪਾਸ ਤੇ ਬਿਜਲੀ ਯੰਤਰਾਂ ਦੀ ਰੀਪੇਅਰਿੰਗ ਦੀ ਦੁਕਾਨ, ਮਾਸਕ ਆਮਦਨ ੨੦੦੦/—, ਲਈ ਕੇਸਕੀ ਸਜਾਂਦੀ ਕੀਰਤਨੀ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

## 'ਸੂਰਾ' ਮਾਸਕ ਪੱਤਰ ਦੇ ਚੰਦੇ ਜਮ੍ਹਾ ਕਰਾਓ

ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸਿਟੀ ਜਿਥੇ ਕਿਥੇ ਪੁਜਦੇ ਹਨ, ਉਨ੍ਹਾਂ ਪਾਸੋਂ ਰਸੀਦ ਲੈ ਕੇ 'ਸੂਰਾ' ਦੇ ਚੰਦੇ ਜਮ੍ਹਾ ਕਰਾਓ ਜੀ ਅਤੇ ਸੇਵਾ ਵਿਚ ਹੱਥ ਵਟਾਓ ਜੀ।

ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਦਾ ਪਤਾ :

**'ਸੂਰਾ' ਮਾਸਕ ਪੱਤਰ, 390—ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org